## ਅੱਜ ਦਾ ਸ਼ੁਭ ਵਿਚਾਰ



ਉਹ ਇਨਸਾਨ ਜ਼ਿੰਦਗੀ ਵਿੱਚ ਜ਼ਰੂਰ ਕਾਮਯਾਬ ਹੁੰਦਾ ਹੈ, ਜੋ ਰੋਜ਼ਾਨਾ ਨਿੱਤਨੇਮ ਕਰਦਾ ਹੈ ਅਤੇ ਪਰਮਾਤਮਾ ਨੂੰ ਹਮੇਸ਼ਾ ਯਾਦ ਕਰਕੇ ਉਸ ਵੱਲੋਂ ਦਿੱਤੀਆਂ ਦਾਤਾਂ ਦਾ ਸ਼ੁਕਰਾਨਾ ਕਰਦਾ ਹੈ।

**ਹਰਬੰਸ ਸਿੰਘ**

ਰੋਜ਼ਾਨਾ ਲੋਕ ਬਾਣੀ
www.lokbani.com

ਸੱਚ ਤੇ ਨਿਡਰ ਆਵਾਜ਼

ਰੋਜ਼ਾਨਾ

# ਲੋਕ ਬਾਣੀ

DAILY LOKBANI JALANDHAR
ਮੁੱਖ ਸੰਪਾਦਕ : ਅਮਨਦੀਪ ਮਹਿਰਾ

ਵੀਰਵਾਰ, 11 ਜੁਲਾਈ 2024



ਰੋਜ਼ਾਨਾ ਲੋਕ ਬਾਣੀ ਨੂੰ ਪੱਤਰਕਾਰਾਂ ਦੀ ਲੋੜ
99155-94111



R. N. I. Punpun/29016/2008 ✶ ਸਾਲ 16 , ✶ ਅੰਕ : 38, ✶ ਮੁੱਲ : 6 ਰੁਪਏ ✶ ਕੁੱਲ ਪੇਜ: 10 ✶ ਦਫਤਰ : 0181-2211009 ✶ M : 99155-94111


## ਪਾਕਿਸਤਾਨ ਚ ਵਾਪਰੀਆਂ ਸੜਕ ਹਾਦਸਾ 13 ਦੀ ਹੋਈ ਮੌਤ




ਇਸਲਾਮਾਬਾਦ (ਲੋਕ ਬਾਣੀ)-ਦੇਸ਼ ਦੇ ਉੱਤਰ-ਪੂਰਬ ਵਿਚ ਸਥਿਤ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ (ਪੀ.ਓ.ਕੇ.) ਵਿਚ ਬੁੱਧਵਾਰ ਨੂੰ ਇਕ ਸੜਕ ਹਾਦਸੇ ਵਿਚ 13 ਲੋਕਾਂ ਦੀ ਮੌਤ ਹੋ ਗਈ। ਇਹ ਘਟਨਾ ਨੀਲਮ ਜ਼ਿਲ੍ਹੇ ਵਿਚ ਵਾਪਰੀ, ਜਿਥੇ ਇਕ ਯਾਤਰੀ ਵੈਨ ਖੱਡ ਵਿਚ ਡਿੱਗ ਗਈ। ਯਾਤਰੀਆਂ ਦੀਆਂ ਲਾਸ਼ਾਂ ਨੂੰ ਕਬਜ਼ੇ ਚ ਲੈ ਕੇ ਨੇੜੇ ਦੇ ਹਸਪਤਾਲ ਚ ਭੇਜ ਦਿੱਤਾ ਗਿਆ ਹੈ, ਜਿਥੇ ਉਨ੍ਹਾਂ ਨੂੰ ਉਨ੍ਹਾਂ ਦੇ ਰਿਸ਼ਤੇਦਾਰਾਂ ਦੇ ਹਵਾਲੇ ਕਰ ਦਿੱਤਾ ਜਾਵੇਗਾ।

## ਲੱਦਾਖ ਚ ਵੱਡੀ ਮਾਤਰਾ ਵਿਚ ਸੋਨਾ ਕੀਤਾ ਗਿਆ ਕਾਬੂ



ਲੇਹ, (ਲੋਕ ਬਾਣੀ) ਭਾਰਤ-ਤਿੱਬਤ ਸਰਹੱਦੀ ਪੁਲਿਸ (ਆਈ.ਟੀ.ਬੀ.ਪੀ.) ਨੇ ਪੂਰਬੀ ਲੱਦਾਖ ਵਿਚ ਅਸਲੀ ਕੰਟਰੋਲ ਰੇਖਾ ਲਾਗੇ 108 ਕਿੱਲੋ ਸੋਨੇ ਦੇ ਨਾਲ ਤਿੰਨ ਸਮਗਲਰ ਕਾਬੂ ਕੀਤੇ ਹਨ। ਚੀਨ ਤੋਂ ਸਮਗਲਿੰਗ ਕਰ ਕੇ ਲਿਆਂਦੇ ਗਏ ਇਸ ਸੋਨੇ ਨੂੰ ਇਕ-ਇਕ ਕਿੱਲੋ ਦੀਆਂ ਛੜਾਂ ਵਿਚ ਢਾਲਿਆ ਗਿਆ ਸੀ। ਸੋਨੇ ਦੀਆਂ ਛੜਾਂ ਵਿਚ ਗਲਫ ਗੋਲਡ ਬਾਰ ਨਾਂਅ ਦੀ ਮੋਹਰ ਲੱਗੀ ਹੈ। ਸਮੱਗਲਰਾਂ ਨੂੰ ਦੋ ਮੋਬਾਈਲ ਫੋਨ, ਇਕ ਦੂਰਬੀਨ, ਦੋ ਚਾਕੂ, ਇਕ ਮਸ਼ਾਲ, ਹਥੌੜਾ ਤੋਂ ਇਲਾਵਾ ਕੇਕ ਤੇ ਦਹੀ-ਦੁੱਧ ਜਿਹੇ ਚੀਨ ਵਿਚ ਬਣੇ ਕਈ ਖਾਣ ਪੀਣ ਵਾਲੇ ਪਦਾਰਥ ਵੀ ਮਿਲੇ ਹਨ। ਇਸ ਨੂੰ ਖੱਚਰਾਂ 'ਤੇ ਲੱਦ ਕੇ ਲਿਜਾਇਆ ਜਾ ਰਿਹਾ ਸੀ।

## ਸੁਪਰੀਮ ਕੋਰਟ ਚ ਮੁਸਲਿਮ ਔਰਤਾਂ ਦੇ ਹੱਕ ਵਿੱਚ ਆਇਆ ਫ਼ੈਸਲਾ



ਦਿੱਲੀ, (ਲੋਕ ਬਾਣੀ) ਦੇਸ਼ ਦੀ ਸਰਵਉਚ ਅਦਾਲਤ ਨੇ ਅੱਜ ਕਿਹਾ ਕਿ ਮੁਸਲਿਮ ਔਰਤ ਆਪਣੇ ਪਤੀ ਤੋਂ ਗੁਜ਼ਾਰਾ ਭੱਤਾ ਮੰਗ ਸਕਦੀ ਹੈ। ਇਸ ਸਬੰਧੀ ਔਰਤਾਂ ਸੀਆਰਪੀਸੀ ਦੀ ਧਾਰਾ 125 ਤਹਿਤ ਪਟੀਸ਼ਨ ਵੀ ਦਾਇਰ ਕਰ ਸਕਦੀਆਂ ਹਨ। ਸੁਪਰੀਮ ਕੋਰਟ ਨੇ ਸਪਸ਼ਟ ਕੀਤਾ ਕਿ ਧਰਮ ਨਿਰਪੱਖਤਾ ਸਾਰੀਆਂ ਵਿਆਹੁਤਾ ਔਰਤਾਂ 'ਤੇ ਲਾਗੂ ਹੁੰਦੀ ਹੈ ਚਾਹੇ ਉਨ੍ਹਾਂ ਦਾ ਕੋਈ ਵੀ ਧਰਮ ਹੋਵੇ। ਜਸਟਿਸ ਬੀਵੀ ਨਾਗਰਤਨਾ ਅਤੇ ਆਗਸਟੀਨ ਜਾਰਜ ਮਸੀਹ ਦੇ ਬੈਂਚ ਨੇ ਜ਼ੋਰ ਦਿੰਦਿਆਂ ਕਿਹਾ ਕਿ ਗੁਜ਼ਾਰਾ ਦਾਨ ਨਹੀਂ ਬਲਕਿ ਸਾਰੀਆਂ ਵਿਆਹੀਆਂ ਔਰਤਾਂ ਦਾ ਅਧਿਕਾਰ ਹੈ। ਜਸਟਿਸ ਨਾਗਰਤਨਾ ਨੇ ਫੈਸਲਾ ਸੁਣਾਉਂਦੇ ਹੋਏ ਕਿਹਾ, "ਅਸੀਂ ਸਰਵਉਚ ਅਦਾਲਤ ਵਿਚ ਆਈ ਇਸ ਅਪੀਲ ਨੂੰ ਖਾਰਜ ਕਰ ਰਹੇ ਹਾਂ ਤੇ ਧਾਰਾ 125 ਸਾਰੀਆਂ ਔਰਤਾਂ 'ਤੇ ਲਾਗੂ ਹੋਵੇਗੀ।

## ਸੀਬੀਐਸਈ ਦਾ ਫੈਸਲਾ ਤੀਜੀ ਤੇ ਛੇਵੀਂ ਤੋਂ ਇਲਾਵਾ ਕੋਈ ਕਲਾਸ ਦਿਆਂ ਪੁਸਤਕਾਂ ਨਹੀਂ ਬਦਲੀਆਂ ਜਾਣਗੀਆਂ



ਚੰਡੀਗੜ੍ਹ, (ਲੋਕ ਬਾਣੀ) ਸੈਂਟਰਲ ਬੋਰਡ ਆਫ਼ ਸੈਕੰਡਰੀ ਐਜੂਕੇਸ਼ਨ (ਸੀਬੀਐਸਈ) ਨੇ ਸਪਸ਼ਟ ਕੀਤਾ ਹੈ ਕਿ ਆਉਣ ਵਾਲੇ ਸਾਲ ਲਈ ਤੀਜੀ ਤੇ ਛੇਵੀਂ ਨੂੰ ਛੱਡ ਕੇ ਸਾਰੀਆਂ ਜਮਾਤਾਂ ਲਈ ਮੌਜੂਦਾ ਪਾਠਕ੍ਰਮ ਜਾਂ ਪਾਠ ਪੁਸਤਕਾਂ ਵਿੱਚ ਕੋਈ ਬਦਲਾਅ ਨਹੀਂ ਕੀਤਾ ਜਾਵੇਗਾ। ਇਸ ਲਈ ਸਕੂਲ ਤੇ ਅਧਿਆਪਕ ਇਸ ਹਿਸਾਬ ਨਾਲ ਹੀ ਪੜ੍ਹਾਉਣ ਸਮੱਗਰੀ ਤਿਆਰ ਕਰਵਾਉਣ। ਸੀਬੀਐਸਈ ਵੱਲੋਂ ਅੱਜ ਜਾਰੀ ਕੀਤੇ ਨੋਟਿਸ ਵਿਚ ਕਿਹਾ ਗਿਆ ਹੈ ਕਿ ਸਕੂਲਾਂ ਨੂੰ ਇੱਕ ਵਾਰ ਫਿਰ ਹਦਾਇਤ ਕੀਤੀ ਗਈ ਹੈ ਕਿ ਉਹ ਹੋਰ ਜਮਾਤਾਂ ਲਈ ਉਹੀ ਪਾਠ ਪੁਸਤਕਾਂ ਦੀ ਵਰਤੋਂ ਕਰਨੀ ਜਾਰੀ ਰੱਖਣ ਜਿਵੇਂ ਉਨ੍ਹਾਂ ਨੇ ਪਿਛਲੇ ਅਕਾਦਮਿਕ ਸਾਲ 2023-24 ਦੌਰਾਨ ਕੀਤੀ ਸੀ।

## ਅਸਾਮ ਹੜ੍ਹ: ਕਾਜ਼ੀਰੰਗਾ ਨੈਸ਼ਨਲ ਪਾਰਕ ਵਿਚ 159 ਜਾਨਵਰਾਂ ਦੀ ਮੌਤ




ਕਾਜ਼ੀਰੰਗਾ, (ਲੋਕ ਬਾਣੀ)- ਅਸਾਮ ਵਿੱਚ ਹੜ੍ਹ ਕਾਰਨ ਕਾਜ਼ੀਰੰਗਾ ਦੇ ਨੈਸ਼ਨਲ ਪਾਰਕ ਵਿਚ 9 ਗੈਂਡਿਆਂ ਸਮੇਤ ਕੁੱਲ 159 ਜਾਨਵਰਾਂ ਦੀ ਮੌਤ ਹੋ ਚੁੱਕੀ ਹੈ। ਕਾਜ਼ੀਰੰਗਾ ਨੈਸ਼ਨਲ ਪਾਰਕ ਦੀ ਫੀਲਡ ਡਾਇਰੈਕਟਰ ਸੋਨਾਲੀ ਘੋਸ਼ ਨੇ ਦੱਸਿਆ ਕਿ ਮ੍ਰਿਤਕ 159 ਜਾਨਵਰਾਂ ਵਿਚ 128 ਹੋਗ ਹੀਰਨ, 9 ਗੈਂਡੇ, 4 ਹੋਰ ਨਸਲਾਂ ਦੇ ਹੀਰਨ ਹੜ੍ਹ ਦੇ ਪਾਣੀ ਵਿਚ ਡੁੱਬਣ ਕਾਰਨ ਮਰ ਗਏ ਅਤੇ ਬਾਕੀ ਜਾਨਵਰਾਂ ਦੀ ਇਲਾਜ ਦੌਰਾਨ ਮੌਤ ਹੋ ਗਈ। ਉਨ੍ਹਾਂ ਦੱਸਿਆ ਕਿ ਪਾਰਕ ਅਥਾਰਟੀ ਅਤੇ ਜੰਗਲਾਤ ਵਿਭਾਗ ਵੱਲੋਂ ਹੜ੍ਹ ਦੌਰਾਨ 133 ਜਾਨਵਰਾਂ ਨੂੰ ਬਚਾਇਆ ਗਿਆ ਹੈ ਜਿਨ੍ਹਾਂ ਵਿਚੋਂ 111 ਜਾਨਵਰਾਂ ਨੂੰ ਇਲਾਜ ਤੋਂ ਬਾਅਦ ਛੱਡ ਦਿੱਤਾ ਗਿਆ ਹੈ।

## 'ਆਪ' ਨੇ ਵੋਟਰਾਂ ਦੀ ਢੋਆ-ਢੁਆਈ ਲਈ ਲਾਏ ਆਟੋ ਰਿਕਸ਼ਾ



ਜਲੰਧਰ- (ਲੋਕ ਬਾਣੀ) ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਵਿੱਚ ਉਪ ਚੋਣ ਈ ਪੈ ਰਹੀਆਂ ਵੋਟਾਂ ਦੌਰਾਨ ਵੋਟਰਾਂ ਨੂੰ ਪੋਲਿੰਗ ਬੂਥਾਂ ਤੱਕ ਲੈਕੇ ਜਾਣ ਲਈ ਆਮ ਆਦਮੀ ਪਾਰਟੀ ਦੇ ਝੰਡੇ ਲੱਗੇ ਆਟੋ ਰਿਕਸ਼ਾ ਧੜਲੇ ਨਾਲ ਚੱਲ ਰਹੇ ਹਨ। ਤਿਲਕ ਨਗਰ, ਬਾਬੂ ਜਗਜੀਵਨ ਰਾਮ ਚੌਂਕ,ਰਾਜ ਨਗਰ ਅਤੇਹੋਰ ਵਾਰਡਾਂ ਵਿੱਚ ਇਹ ਰਿਕਸ਼ਾ ਵੋਟਰਾਂ ਦੀ ਢੋਆ-ਢੁਆਈ ਕਰਨ ਵਿੱਚ ਲੱਗੇ ਹੋਏ ਹਨ। ਉੱਧਰ ਮੁੱਖ ਚੋਣ ਕਮਿਸ਼ਨਰ ਪੰਜਾਬ ਦੇ ਦਫ਼ਤਰ ਪਾਸੋ ਪ੍ਰਾਪਤ ਜਾਣਕਾਰੀ ਅਨੁਸਾਰ ਸਵੇਰੇ 11 ਵਜੇ ਤੱਕ 23.04 ਫੀਸਦੀ ਵੋਟਿੰਗ ਹੋ ਚੁੱਕੀ ਹੈ।

## ਭਾਰੀ ਮੀਂਹ ਪੈਣ ਕਾਰਨ ਕਈ ਥਾਵਾਂ ਤੇ ਬੱਚਿਆਂ ਨੂੰ ਕੀਤੀਆਂ ਗਈਆਂ ਛੁੱਟੀਆਂ



ਚੰਡੀਗੜ੍ਹ, (ਵਿਨੋਦ ਸ਼ਰਮਾ) ਪੰਜਾਬ ਸਮੇਤ ਕਈ ਰਾਜਾਂ ਵਿੱਚ ਗਰਮੀਆਂ ਦੀਆਂ ਛੁੱਟੀਆਂ ਪਿੱਛੋਂ ਜ਼ਿਆਦਾਤਰ ਸੂਬਿਆਂ ਚ ਮੀਂਹ ਪੈਣਾ ਸ਼ੁਰੂ ਹੋ ਗਿਆ ਹੈ। ਜੂਨ ਦੇ ਆਖਿਰ ਤੇ ਜੁਲਾਈ ਦੇ ਪਹਿਲੇ ਹਫਤੇ ਤੋਂ ਹੀ ਕਰਨਾਟਕ, ਉਤਰਾਖੰਡ, ਹਿਮਾਚਲ ਪ੍ਰਦੇਸ਼, ਮਹਾਰਾਸ਼ਟਰ ਤੇ ਉੱਤਰ ਪ੍ਰਦੇਸ਼ ਦੇ ਕਈ ਜ਼ਿਲਿਆ ਚ ਭਾਰੀ ਮੀਂਹ ਪੈ ਰਿਹਾ ਹੈ। ਆਸਾਮ ਵਿੱਚ ਤਾਂ ਇਸ ਵੇਲੇ ਹੜ੍ਹ ਆਏ ਹੋਏ ਹਨ। ਇਹ ਮੌਸਮ ਜਿਥੇ ਹੀਟਵੇਵ ਤੋਂ ਬਾਅਦ ਠੰਡਾ ਹੋ ਰਿਹਾ ਹੈ, ਉਥੇ ਹੀ ਇਹ ਬੱਚਿਆਂ ਲਈ ਕਿਸੇ ਖ਼ਤਰੇ ਤੋਂ ਘੱਟ ਨਹੀਂ ਦੱਸਿਆ ਜਾ ਰਿਹਾ। ਇਸ ਲਈ ਕਈ ਥਾਵਾਂ ਤੇ ਮੌਸਮ ਨੂੰ ਧਿਆਨ ਵਿੱਚ ਰੱਖਦੇ ਹੋਏ ਸਕੂਲਾਂ ਵਿੱਚ ਛੁੱਟੀਆਂ ਦਾ ਐਲਾਨ ਕਰ ਦਿੱਤਾ ਗਿਆ ਹੈ।

## ਪੰਜਾਬ ਵਿੱਚ ਇਕ ਹੋਰ ਮਾਂ ਦਾ ਪੁੱਤ ਚੱੜਿਆ ਨਸ਼ੇ ਦੀ ਭੇਟ



ਅੰਮ੍ਰਿਤਸਰ (ਲੋਕ ਬਾਣੀ) ਪੰਜਾਬ ਵਿੱਚ ਹਰ ਦਿਨ ਕੋਈ ਨਾ ਕੋਈ ਨੋਜਵਾਨ ਨਸ਼ੇ ਦੀ ਭੇਟ ਚੜ੍ਹ ਰਿਹਾ ਹੈ ਅੱਜ ਅੰਮ੍ਰਿਤਸਰ-ਤਰਨਤਾਰਨ ਰੋਡ ਅਤੇ ਬਲਾਕ ਅਟਾਰੀ ਅਧੀਨ ਆਉਂਦੇ ਪਿੰਡ ਚਾਟੀਵਿੰਡ ਦੇ 20 ਸਾਲਾ ਨੌਜਵਾਨ ਦੀ ਨਸ਼ੇ ਦਾ ਟੀਕਾ ਲਗਾਉਣ ਕਾਰਨ ਮੌਤ ਹੋ ਗਈ ਮ੍ਰਿਤਕ ਦੀ ਮਾਤਾ ਰਾਣੋ ਵਿਧਵਾ ਪਤਨੀ ਪੱਪੂ ਸਿੰਘ ਨੇ ਦੱਸਿਆ ਕਿ ਮੇਰਾ ਪੁੱਤਰ ਜੀਤ ਸਿੰਘ ਜੋ ਕੁਝ ਸਮੇਂ ਤੋਂ ਨਸ਼ਿਆਂ ਦਾ ਆਦੀ ਹੋ ਗਿਆ ਸੀ, ਜਿਸ ਦੀ ਅੱਜ ਨਸ਼ੇ ਦਾ ਟੀਕਾ ਲਗਾਉਣ ਕਰਕੇ ਮੌਤ ਹੋ ਗਈ।

## ਸ਼ੰਭੂ ਬਾਰਡਰ ਨੂੰ ਖੋਲ੍ਹਣ ਦਾ ਹਾਈ ਕੋਰਟ ਦਾ ਆਇਆ ਫ਼ੈਸਲਾ




ਦਿੱਲੀ, (ਲੋਕ ਬਾਣੀ) ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸ਼ੰਭੂ ਬਾਰਡਰ ਨੂੰ ਇੱਕ ਹਫ਼ਤੇ ਵਿੱਚ ਖੋਲ੍ਹਣ ਦੇ ਹੁਕਮ ਦਿੱਤੇ ਹਨ। ਹਾਈਕੋਰਟ ਨੇ ਇਹ ਹੁਕਮ ਹਰਿਆਣਾ ਸਰਕਾਰ ਨੂੰ ਦਿੱਤੇ ਹਨ। ਇਸ ਸਬੰਧੀ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਗਈ ਸੀ। ਸ਼ੰਭੂ ਬਾਰਡਰ ਪਿਛਲੇ 5 ਮਹੀਨਿਆਂ ਤੋਂ ਬੰਦ ਪਿਆ ਹੈ। ਕਿਸਾਨ ਲੋਕ ਸਭਾ ਚੋਣਾਂ ਤੋਂ ਪਹਿਲਾਂ ਦਿੱਲੀ ਵੱਲ ਮਾਰਚ ਕਰਨਾ ਚਾਹੁੰਦੇ ਸਨ। ਪੰਜਾਬ ਦੇ ਇਨ੍ਹਾਂ ਕਿਸਾਨਾਂ ਨੂੰ ਰੋਕਣ ਲਈ ਹਰਿਆਣਾ ਪੁਲਿਸ ਨੇ ਇੱਥੇ 7 ਲੇਅਰ ਬੈਰੀਕੇਡਿੰਗ ਕੀਤੀ ਹੋਈ ਸੀ।

# ਫਾਜ਼ਿਲਕਾ ਬਣਿਆ ਸੂਬੇ ਦਾ ਪਹਿਲਾਂ ਜ਼ਿਲ੍ਹਾ ਜਿੱਥੇ ਸਰਕਾਰੀ ਪ੍ਰਾਈਮਰੀ ਸਕੂਲਾਂ ਵਿਚ ਮਹੀਨੇ ਵਿਚ ਇਕ ਦਿਨ ਹੋਵੇਗਾ ਬੈਗ ਫਰੀ ਡੇਅ

ਫਾਜ਼ਿਲਕਾ, (ਲੋਕ ਬਾਣੀ) -ਪ੍ਰਾਈਮਰੀ ਜਮਾਤਾਂ ਦੇ ਵਿਦਿਆਰਥੀਆਂ ਦੇ ਬੌਧਿਕ ਵਿਕਾਸ, ਉਨ੍ਹਾਂ ਦੀਆਂ ਸਿੱਖਣ ਯੋਗਤਾਵਾਂ ਨੂੰ ਹੋਰ ਨਿਖਾਰਨ ਅਤੇ ਬੱਚਿਆਂ ਦੇ ਮਨ ਵਿਚ ਸਕੂਲ ਪ੍ਰਤੀ ਖਿੱਚ ਪੈਦਾ ਕਰਨ ਦੇ ਉਦੇਸ਼ ਨਾਲ ਫਾਜ਼ਿਲਕਾ ਸੂਬੇ ਦਾ ਪਹਿਲਾ ਜ਼ਿਲ੍ਹਾ ਬਣ ਗਿਆ ਹੈ ਜਿੱਥੇ ਸਰਕਾਰੀ ਪ੍ਰਾਈਮਰੀ ਸਕੂਲਾਂ ਵਿਚ ਹਰ ਮਹੀਨੇ ਇਕ ਦਿਨ ਸਕੂਲ ਬੈਗ ਮੁਕਤ ਦਿਵਸ ਹੋਵੇਗਾ ਅਤੇ ਇਸ ਦਿਨ ਵਿਦਿਆਰਥੀ ਕਿਤਾਬਾਂ ਤੋਂ ਬਿਨ੍ਹਾਂ ਰਚਨਾਤਾਮਕ ਤਰੀਕੇ ਦੀਆਂ ਗਤੀਵਿਧੀਆਂ ਨਾਲ ਆਪਣੇ ਸਿੱਖਣ ਕੌਸ਼ਲ ਵਿਚ ਵਾਧਾ ਕਰਣਗੇ।

ਇਸ ਪ੍ਰੋਗਰਾਮ ਦਾ ਰਸਮੀ ਉਦਘਾਟਨ ਫਾਜ਼ਿਲਕਾ ਦੇ ਡਿਪਟੀ ਕਮਿਸ਼ਨਰ ਡਾ: ਸੇਨੂ ਦੁੱਗਲ ਆਈਏਐਸ ਨੇ ਅੱਜ ਸਰਕਾਰੀ ਪ੍ਰਾਈਮਰੀ ਸਕੂਲ ਏਕਤਾ ਕਲੋਨੀ ਅਬੋਹਰ ਤੋਂ ਕੀਤਾ। ਇਸ ਮੌਕੇ ਡਿਪਟੀ ਕਮਿਸ਼ਨਰ ਖੁਦ ਨਿੱਕੇ ਨਿਆਣਿਆਂ ਨਾਲ ਬਚਪਨ ਦੀਆਂ ਖੇਡਾਂ ਖੇਡਦੇ ਨਜਰ ਆਏ ਅਤੇ ਬੱਚਿਆਂ ਲਈ ਵੀ ਇਹ ਖੁਸ਼ੀ ਦੇ ਪਲ ਸਨ ਜਦ ਉਨ੍ਹਾਂ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨਾਲ ਨਿੱਕੀਆਂ ਨਿੱਕੀਆਂ ਗੱਲਾਂ ਕਰਦਿਆਂ ਰੋਚਕ ਖੇਡਾਂ ਵਿਚ ਭਾਗ ਲਿਆ।

ਇਸ ਬਾਰੇ ਡਿਪਟੀ ਕਮਿਸ਼ਨਰ ਡਾ ਸੇਨੂ ਦੁੱਗਲ ਨੇ ਆਖਿਆ ਕਿ ਇਸ ਨਵੀਨਤਾਕਾਰੀ ਪ੍ਰੋਗਰਾਮ ਤਹਿਤ, ਫਾਜ਼ਿਲਕਾ ਜ਼ਿਲ੍ਹੇ ਦੇ ਸਰਕਾਰੀ ਪ੍ਰਾਇਮਰੀ ਸਕੂਲਾਂ ਦੇ ਸਾਰੇ ਵਿਦਿਆਰਥੀਆਂ ਲਈ ਹਰ ਮਹੀਨੇ ਦੇ ਆਖਰੀ ਸ਼ਨੀਵਾਰ ਦਾ ਇੱਕ ਦਿਨ ਬੈਗ ਮੁਕਤ ਦਿਵਸ ਵਜੋਂ ਨਿਸ਼ਚਿਤ ਕੀਤਾ ਗਿਆ ਹੈ। ਇਸ ਦਿਨ, ਵਿਦਿਆਰਥੀ ਸਕੂਲ ਬੈਗ ਜਾਂ ਕਿਤਾਬੀ ਸਮੱਗਰੀ ਦੀ ਲੋੜ ਤੋਂ ਬਿਨਾਂ, ਰਚਨਾਤਮਕਤਾ, ਟੀਮ ਵਰਕ ਅਤੇ ਆਲੋਚਨਾਤਮਕ ਸੋਚ ਨੂੰ ਉਤਸ਼ਾਹਿਤ ਕਰਨ ਵਾਲੀਆਂ ਵੱਖ-ਵੱਖ ਗਤੀਵਿਧੀਆਂ ਵਿੱਚ ਸ਼ਾਮਲ ਹੋਣਗੇ।



ਪ੍ਰੋਗਰਾਮ ਵਿੱਚ ਸਮੂਹ ਖੇਡਾਂ, ਰਚਨਾਤਮਕ ਸੈਸ਼ਨ, ਕਹਾਣੀ ਸੁਣਾਉਣ, ਰੋਲ-ਪਲੇ, ਯੋਗਾ, ਵਿਗਿਆਨ ਪ੍ਰਯੋਗ, ਕਲਾਸ ਚਰਚਾਵਾਂ, ਅਤੇ ਬਾਹਰੀ ਗਤੀਵਿਧੀਆਂ ਵਰਗੀਆਂ ਗਤੀਵਿਧੀਆਂ ਸ਼ਾਮਲ ਹਨ। ਇਹਨਾਂ ਗਤੀਵਿਧੀਆਂ ਦਾ ਉਦੇਸ਼ ਇੱਕ ਤਣਾਅ-ਮੁਕਤ ਸਿੱਖਣ ਅਨੁਭਵ ਪ੍ਰਦਾਨ ਕਰਨਾ, ਰਚਨਾਤਮਕਤਾ ਨੂੰ ਉਤਸ਼ਾਹਿਤ ਕਰਨਾ, ਵਿਦਿਆਰਥੀਆਂ ਅੰਦਰ ਕਲਪਨਾ ਸ਼ਕਤੀ ਨੂੰ ਪ੍ਰਫੁਲਿਤ ਕਰਦਿਆਂ ਅਤੇ ਉਨ੍ਹਾਂ ਦਾ ਸਮੁੱਚਾ ਵਿਕਾਸ ਕਰਨਾ ਹੈ। ਸਰਕਾਰੀ ਪ੍ਰਾਈਮਰੀ ਸਕੂਲਾਂ ਦੀਆਂ ਪ੍ਰੀ ਪ੍ਰਾਈਮਰੀ ਅਤੇ ਪ੍ਰਾਈਮਰੀ ਦੋਨਾਂ ਪ੍ਰਕਾਰ ਦੀਆਂ ਜਮਾਤਾਂ ਵਿਚ ਇਹ ਬੈਗ ਫਰੀ ਦਿਵਸ ਹੋਇਆ ਕਰੇਗਾ।

ਡਿਪਟੀ ਕਮਿਸ਼ਨਰ ਡਾ. ਸੇਨੂੰ ਦੁੱਗਲ ਨੇ ਕਿਹਾ, ਇਸ ਤਰਾਂ ਦੀ ਕੋਸ਼ਿਸ਼ ਨਾਲ ਅਸੀਂ ਛੋਟੇ ਬੱਚਿਆਂ ਦੇ ਮਨ ਵਿਚ ਸਕੂਲ ਦੇ ਪਾਠਕ੍ਰਮ ਦੇ ਬੋਝ ਨੂੰ ਘੱਟ ਕਰਕੇ ਉਨ੍ਹਾਂ ਨੂੰ ਖੇਡ ਖੇਡ ਅਤੇ ਮਨੋਰੰਜਕ ਤਰੀਕੇ ਨਾਲ ਸਿੱਖਣ ਲਈ ਉਤਸਾਹਿਤ ਕਰਾਂਗੇ। ਇਸ ਨਾਲ ਵਿਦਿਆਰਥੀ ਲਈ ਸਕੂਲ ਪ੍ਰਤੀ ਖਿੱਚ ਵਧੇਗੀ ਅਤੇ ਉਸਦੇ ਸਰਵਪੱਖੀ ਵਿਕਾਸ ਦਾ ਰਾਹ ਖੁੱਲੇਗਾ। ਉਨ੍ਹਾਂ ਨੇ ਕਿਹਾ ਕਿ ਇਹ ਨਵੀਂ ਕੌਮੀ ਸਿੱਖਿਆ ਨੀਤੀ ਤੋਂ ਸੇਧ ਲੈ ਕੇ ਉਲੀਕਿਆ ਗਿਆ ਪ੍ਰੋਗਰਾਮ ਹੈ।

ਉਨ੍ਹਾਂ ਨੇ ਕਿਹਾ ਕਿ ਇਸ ਤਰਾਂ ਦੀ ਪਹਿਲ ਕਦਮੀ ਨਾਲ ਅਧਿਆਪਕਾਂ ਵਿਚ ਵੀ ਨਵੀਂ ਤਾਜਗੀ ਆਵੇਗੀ ਅਤੇ ਅਧਿਆਪਕ ਵਿਦਿਆਰਥੀ ਸਬੰਧ ਗੂੜੇ ਹੋਣ ਦੇ ਨਾਲ ਨਾਲ ਇਸ ਪ੍ਰੋਗਰਾਮ ਅਧਿਆਪਕਾਂ ਵਿਚ ਵੀ ਤਨਾਅ ਨੂੰ ਘੱਟ ਕਰਕੇ ਉਨ੍ਹਾਂ ਦੀ ਆਧਿਆਪਨ ਕਾਰਜਕੁਸ਼ਲਤਾ ਵਿਚ ਵਾਧਾ ਕਰਨ ਵਾਲਾ ਹੋਵੇਗਾ।

ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀ ਸ਼ਿਵਪਾਲ, ਬਲਾਕ ਪ੍ਰਾਈਮਰੀ ਅਫ਼ਸਰ ਸ੍ਰੀ ਅਜੈ ਕੁਮਾਰ ਛਾਬੜਾ ਅਤੇ ਭਾਲਾ ਰਾਮ, ਸਕੂਲ ਹੈਡ ਰੇਣੂ ਬਾਲਾ, ਡੀਈਐਫ ਅਭਿਸ਼ੇਕ ਕੁਮਾਰ, ਨੋਡਲ ਅਫ਼ਸਰ ਵਿਜੇ ਕੁਮਾਰ, ਸ੍ਰੀ ਪ੍ਰਦੀਪ ਸ਼ਰਮਾ ਤੇ ਸਮੂਹ ਸਟਾਫ ਹਾਜਰ ਸਨ।

# ਰਾਹੁਲ ਦ੍ਰਵਿੜ ਨੇ ਫਿਰ ਜਿੱਤਿਆ ਭਾਰਤੀਆਂ ਦਾ ਦਿਲ; ਵਾਧੂ ਬੋਨਸ ਲੈਣ ਤੋਂ ਕੀਤਾ ਇਨਕਾਰ ! ਬਾਕੀ ਕੋਚਿੰਗ ਸਟਾਫ ਦੇ ਬਰਾਬਰ 2.5 ਕਰੋੜ ਰੁਪਏ ਹੀ ਲੈਣਗੇ




(ਲੋਕ ਬਾਣੀ) ਭਾਰਤ ਦੇ ਸਾਬਕਾ ਮੁੱਖ ਕੋਚ ਰਾਹੁਲ ਦ੍ਰਵਿੜ ਨੇ ਭਾਰਤੀ ਕ੍ਰਿਕਟ ਕੰਟਰੋਲ ਬੋਰਡ (2339) ਤੋਂ ਵਾਧੂ ਬੋਨਸ ਲੈਣ ਤੋਂ ਇਨਕਾਰ ਕਰ ਦਿੱਤਾ ਹੈ। ਜਿਸ ਨਾਲ ਉਹਨਾਂ ਫਿਰ ਤੋਂ ਭਾਰਤੀਆਂ ਦਾ ਮਾਣ ਜਿੱਤਿਆ ਹੈ। ਦ੍ਰਵਿੜ ਆਪਣੇ ਬਾਕੀ ਕੋਚਿੰਗ ਸਟਾਫ ਦੇ ਬਰਾਬਰ ਇਨਾਮੀ ਰਾਸ਼ੀ ਚਾਹੁੰਦੇ ਹਨ। ਉਹਨਾਂ ਨੂੰ 5 ਕਰੋੜ ਦਿੱਤਾ ਗਿਆ ਸੀ ਪਰ ਇਸ ਵਿੱਚੋ ਓਹ ਬਣਦੇ 2.5 ਕਰੋੜ ਹੀ ਲੈਣਗੇ।

ਬੀਸੀਸੀਆਈ ਨੇ ਟੀ-20 ਵਿਸ਼ਵ ਕੱਪ ਚੈਂਪੀਅਨ ਟੀਮ ਨੂੰ 125 ਕਰੋੜ ਰੁਪਏ ਦਾ ਨਕਦ ਇਨਾਮ ਦਿੱਤਾ ਹੈ। ਇਹ ਇਨਾਮੀ ਰਾਸ਼ੀ ਖਿਡਾਰੀਆਂ ਅਤੇ ਕੋਚਿੰਗ ਸਟਾਫ ਦੇ 42 ਮੈਂਬਰਾਂ ਵਿੱਚ ਵੰਡੀ ਗਈ ਹੈ। 125 ਕਰੋੜ ਰੁਪਏ ਚੋਂ ਟੀਮ ਦੇ ਸਾਰੇ 15 ਮੈਂਬਰਾਂ ਅਤੇ ਕੋਚ ਰਾਹੁਲ ਦ੍ਰਾਵਿੜ ਨੂੰ 5-5 ਕਰੋੜ ਰੁਪਏ ਮਿਲਣੇ ਹਨ।

ਕੋਚਿੰਗ ਸਟਾਫ ਦੇ ਬਾਕੀ ਮੈਂਬਰਾਂ ਨੂੰ 2.5 ਕਰੋੜ ਰੁਪਏ ਦਾ ਹਿੱਸਾ ਮਿਲਣਾ ਹੈ। ਦ੍ਰਵਿੜ ਦੇ ਨਾਲ, ਸਹਿਯੋਗੀ ਸਟਾਫ ਵਿੱਚ ਵਿਕਰਮ ਰਾਠੌਰ, ਪਾਰਸ ਮਹਾਮਬਰੇ ਅਤੇ ਟੀ-20 ਵਿਸ਼ਵ ਕੱਪ ਵਿੱਚ ਟੀ ਦਿਲੀਪ ਸ਼ਾਮਲ ਸਨ। ਪਰ, ਹੁਣ ਦ੍ਰਾਵਿੜ ਬਾਕੀ ਸਟਾਫ ਦੇ ਬਰਾਬਰ ਇਨਾਮ ਚਾਹੁੰਦੇ ਹਨ ਯਾਨੀ 2.5 ਕਰੋੜ ਰੁਪਏ। ਮੀਡੀਆ ਰਿਪੋਰਟਾਂ ਦੇ ਅਨੁਸਾਰ, ਬੀਸੀਸੀਆਈ ਦੇ ਇੱਕ ਸੂਤਰ ਨੇ ਕਿਹਾ, ਰਾਹੁਲ ਆਪਣੇ ਸਪੋਰਟ ਸਟਾਫ ਦੇ ਬਰਾਬਰ ਬੋਨਸ ਰਾਸ਼ੀ ਚਾਹੁੰਦੇ ਸਨ। ਅਸੀਂ ਉਹਨਾਂ ਦੀਆਂ ਇਹਨਾ ਭਾਵਨਾਵਾਂ ਦਾ ਸਤਿਕਾਰ ਕਰਦੇ ਹਾਂ।

# Yoga Girl ਅਰਚਨਾ ਮਕਵਾਨਾ ਪੁਲਿਸ ਜਾਂਚ ਚ ਹੋਈ ਸ਼ਾਮਿਲ, ਦਰਜ ਕਰਵਾਏ ਬਿਆਨ



ਅੰਮ੍ਰਿਤਸਰ: (ਲੋਕ ਬਾਣੀ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਇੱਕ ਲੜਕੀ ਜਿਸਦਾ ਨਾਮ ਅਰਚਨਾ ਮਕਵਾਨਾ ਵੱਲੋਂ ਪ੍ਰਕਰਮਾ ਅੰਦਰ ਯੋਗਾ ਆਸਣ ਕਰਕੇ ਇਸ ਦੀ ਤਸਵੀਰ ਆਪਣੇ ਸੋਸ਼ਲ ਮੀਡੀਆ ਖਾਤਿਆਂ ਜਰੀਏ ਫੈਲਾਉਣ ਦਾ ਸਖ਼ਤ ਨੋਟਿਸ ਲੈਂਦਿਆਂ ਉਸ ਵਿਰੁੱਧ ਕਾਰਵਾਈ ਵਾਸਤੇ ਪੁਲਿਸ ਕਮਿਸ਼ਨਰ ਨੂੰ ਸ਼ਿਕਾਇਤ ਭੇਜੀ ਸੀ। ਇਸ ਦੇ ਨਾਲ ਹੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਪਣੀ ਡਿਊਟੀ ਤਨਦੇਹੀ ਨਾਲ ਨਾ ਨਿਭਾਉਣ ਕਰਕੇ ਪ੍ਰਕਰਮਾ ਦੇ ਤਿੰਨ ਮੁਲਾਜ਼ਮਾਂ ਵਿਰੁੱਧ ਕਾਰਵਾਈ ਦੇ ਆਦੇਸ਼ ਜਾਰੀ ਕੀਤੇ ਗਏ ਸਨ। ਜਿਸ ਤੋਂ ਬਾਅਦ ਉਹਨਾਂ ਤਿੰਨਾਂ ਮੁਲਾਜ਼ਮਾਂ ਨੂੰ ਸਸਪੈਂਡ ਕਰ ਦਿੱਤਾ ਗਿਆ ਸੀ। ਜਿਸ ਤੋਂ ਬਾਅਦ ਥਾਣਾ ਕਤਵਾਲੀ ਵੱਲੋਂ ਉਸ ਲੜਕੀ ਨੂੰ ਸਮਨ ਵੀ ਜਾਰੀ ਕੀਤੇ ਗਏ ਸਨ। ਜਿਹੜੇ ਉਸ ਨੇ ਆਨਲਾਈਨ ਤਮੀਲ ਕਰ ਲਏ ਇਸ ਤੇ ਗੱਲਬਾਤ ਕਰਦੇ ਹੋਏ ਡੀਸੀਪੀ ਦਰਪਨ ਆਲੂਵਾਲੀਆ ਨੇ ਦੱਸਿਆ ਕਿ ਜਿਹੜੀ ਦੋਸ਼ੀ ਅਚਨਾ ਮਕਵਾਨਾ ਸੀ ਉਸਨੇ ਸੰਮਨ ਤਾ ਮੀਲ ਕਰ ਲਏ ਹਨ। ਤੇ ਉਸਨੇ ਇਨਵੈਸਟੀਗੇਸ਼ਨ ਜੁਇਨ ਕਰ ਲਈ ਹੈ ਤੇ ਜੇਇਨ ਨਾ ਕਰਦੀ ਜਾਂਚ ਵਿੱਚ ਸ਼ਾਮਿਲ ਨਾ ਹੁੰਦੀ ਤਾਂ ਸੱਤ ਸਾਲ ਦੀ ਸਜ਼ਾ ਜਾਂ ਉਸ ਤੋਂ ਘੱਟ ਦੀ ਸਜ਼ਾ ਵੀ ਹੋ ਸਕਦੀ ਸੀ ਪਰ ਉਸ ਨੇ ਜਾਂਚ ਵਿੱਚ ਸ਼ਾਮਿਲ ਪਾਇਆ ਹੈ ਜਿਸ ਦੇ ਚਲਦੇ ਜਾਂਚ ਕੀਤੀ ਜਾ ਰਹੀ ਹੈ।

# ਆਪ ਨੇ ਸ਼ੰਭੂ ਬਾਰਡਰ ਖੋਲ੍ਹਣ ਦੇ ਹਾਈ ਕੋਰਟ ਦੇ ਫ਼ੈਸਲੇ ਦੀ ਕੀਤੀ ਸ਼ਲਾਘਾ, ਕਿਸਾਨਾਂ ਦੀਆਂ ਮੰਗਾਂ ਦਾ ਕੀਤਾ ਸਮਰਥਨ

ਚੰਡੀਗੜ੍ਹ, (ਲੋਕ ਬਾਣੀ) ਆਮ ਆਦਮੀ ਪਾਰਟੀ ਨੇ ਪੰਜਾਬ-ਹਰਿਆਣਾ ਸਰਹੱਦ ਸ਼ੰਭੂ ਬਾਰਡਰ (ਜਿੱਥੇ ਕਿਸਾਨ ਪਿਛਲੇ ਕਈ ਮਹੀਨਿਆਂ ਤੋਂ ਹੜਤਾਲ ਤੇ ਬੈਠੇ ਹਨ) ਨੂੰ ਖੋਲ੍ਹਣ ਦੇ ਹਾਈ ਕੋਰਟ ਦੇ ਫ਼ੈਸਲੇ ਦਾ ਸਵਾਗਤ ਕੀਤਾ ਹੈ। ਪਾਰਟੀ ਨੇ ਕਿਹਾ ਕਿ ਕਿਸਾਨਾਂ ਦੀਆਂ ਸਾਰੀਆਂ ਮੰਗਾਂ ਜਾਇਜ਼ ਹਨ, ਇਸ ਲਈ ਕੇਂਦਰ ਸਰਕਾਰ ਉਨ੍ਹਾਂ ਨੂੰ ਸਰਹੱਦ ਤੇ ਰੋਕਣ ਦੀ ਬਜਾਏ ਉਨ੍ਹਾਂ ਦੀ ਮੰਗਾਂ ਨੂੰ ਪੂਰੀਆਂ ਕਰਨ ਤੇ ਵਿਚਾਰ ਕਰਨਾ ਚਾਹੀਦਾ ਹੈ।



ਬੁੱਧਵਾਰ ਨੂੰ ਆਮ ਆਦਮੀ ਪਾਰਟੀ ਪੰਜਾਬ ਦੇ ਸੀਨੀਅਰ ਨੇਤਾ ਅਤੇ ਬੁਲਾਰੇ ਨੀਲ ਗਰਗ ਨੇ ਕਿਹਾ ਕਿ 2013 ਚ ਪ੍ਰਧਾਨ ਮੰਤਰੀ ਬਣਨ ਤੋਂ ਪਹਿਲਾਂ ਨਰਿੰਦਰ ਮੋਦੀ ਨੇ ਖ਼ੁਦ ਕਿਹਾ ਸੀ ਕਿ ਅਸੀਂ ਕਿਸਾਨਾਂ ਦਾ ਸਾਰਾ ਕਰਜ਼ਾ ਮੁਆਫ਼ ਕਰਾਂਗੇ ਅਤੇ ਸਵਾਮੀਨਾਥਨ ਕਮਿਸ਼ਨ ਦੀ ਸਿਫ਼ਾਰਿਸ਼ਾਂ ਮੁਤਾਬਿਕ ਘੱਟੋ-ਘੱਟ ਸਮਰਥਨ ਮੁੱਲ ਤੇ ਕਾਨੂੰਨ ਬਣਾਵਾਂਗੇ, ਪਰੰਤੂ ਪ੍ਰਧਾਨ ਮੰਤਰੀ ਮੋਦੀ ਆਪਣੇ ਵਾਅਦੇ ਤੋਂ ਪਿੱਛੇ ਹਟ ਗਏ, ਜਿਸ ਕਾਰਨ ਕਿਸਾਨਾਂ ਨੂੰ ਦਿੱਲੀ ਜਾਣ ਲਈ ਮਜਬੂਰ ਹੋਣਾ ਪਿਆ। ਗਰਗ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਦੇ ਕਿਸਾਨਾਂ ਨਾਲ ਧੋਖਾ ਕੀਤਾ ਹੈ। ਉਨ੍ਹਾਂ ਨੇ ਕਿਸਾਨਾਂ ਨਾਲ ਕੀਤਾ ਆਪਣਾ ਇਕ ਵੀ ਵਾਅਦਾ ਪੂਰਾ ਨਹੀਂ ਕੀਤਾ, ਉਲਟਾ ਉਨ੍ਹਾਂ ਤੇ ਕਾਲੇ ਖੇਤੀ ਕਾਨੂੰਨ ਲਾਗੂ ਕਰਕੇ ਉਨ੍ਹਾਂ ਦੀਆਂ ਜ਼ਮੀਨਾਂ ਅਤੇ ਫ਼ਸਲਾਂ ਆਪਣੇ ਕਾਰਪੋਰੇਟ ਦੋਸਤਾਂ ਨੂੰ ਸੌਂਪਣ ਦੀ ਕੋਸ਼ਿਸ਼ ਕੀਤੀ, ਜਿਸ ਕਾਰਨ 750 ਤੋਂ ਵੱਧ ਕਿਸਾਨਾਂ ਦੀ ਮੌਤ ਹੋ ਗਈ।

ਉਨ੍ਹਾਂ ਕਿਹਾ ਕਿ ਕਿਸਾਨ ਅੰਦੋਲਨ ਤੋਂ ਡਰਦਿਆਂ ਪ੍ਰਧਾਨ ਮੰਤਰੀ ਮੋਦੀ ਨੇ ਜਦੋਂ ਕਾਲੇ ਖੇਤੀ ਕਾਨੂੰਨ ਨੂੰ ਵਾਪਸ ਲੈਣ ਦਾ ਐਲਾਨ ਕੀਤਾ ਸੀ, ਉਸ ਸਮੇਂ ਵੀ ਉਨ੍ਹਾਂ ਕਿਹਾ ਸੀ ਕਿ ਘੱਟੋ-ਘੱਟ ਸਮਰਥਨ ਮੁੱਲ ਤੇ ਕਮੇਟੀ ਬਣਾ ਕੇ ਇਸ ਨੂੰ ਕਾਨੂੰਨੀ ਬਣਾਉਣ ਲਈ ਕੰਮ ਕੀਤਾ ਜਾਵੇਗਾ, ਪਰ ਅੱਜ ਤੱਕ ਉਨ੍ਹਾਂ ਨੇ ਇਸ ਨੂੰ ਪੂਰਾ ਨਹੀਂ ਕੀਤਾ ਹੈ। ਜੇਕਰ ਮੋਦੀ ਸਰਕਾਰ ਨੇ ਦੋ ਸਾਲਾਂ ਵਿੱਚ ਐਮਐਸਪੀ ਨੂੰ ਕਾਨੂੰਨੀ ਤੌਰ 'ਤੇ ਲਾਗੂ ਕਰ ਦਿੱਤਾ ਹੁੰਦਾ ਤਾਂ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਨੂੰ ਮੁੜ ਦਿੱਲੀ ਨਾ ਜਾਣਾ ਪੈਂਦਾ।

ਉਨ੍ਹਾਂ ਕਿਹਾ ਕਿ ਸ਼ੁਕਰ ਹੈ ਹਾਈ ਕੋਰਟ ਨੇ ਇਸ ਮਾਮਲੇ ਵਿੱਚ ਦਖ਼ਲ ਦਿੱਤਾ ਨਹੀਂ ਤਾਂ ਹਾਈਵੇਅ ਅਣਮਿਥੇ ਸਮੇਂ ਲਈ ਬੰਦ ਹੋ ਜਾਣਾ ਸੀ। ਹੁਣ ਅਦਾਲਤ ਦੇ ਫ਼ੈਸਲੇ ਤੋਂ ਬਾਅਦ ਆਮ ਲੋਕਾਂ ਅਤੇ ਕਿਸਾਨਾਂ ਦੋਵਾਂ ਨੂੰ ਰਾਹਤ ਮਿਲੇਗੀ। ਆਮ ਲੋਕਾਂ ਲਈ ਆਵਾਜਾਈ ਆਸਾਨ ਹੋਵੇਗੀ। ਇਸ ਦੇ ਨਾਲ ਹੀ ਕਿਸਾਨਾਂ ਨੂੰ ਮੁੜ ਸ਼ਾਂਤਮਈ ਢੰਗ ਨਾਲ ਕੇਂਦਰ ਸਰਕਾਰ ਤੱਕ ਆਪਣੀ ਗੱਲ ਪਹੁੰਚਾਉਣ ਦਾ ਮੌਕਾ ਮਿਲੇਗਾ।

# ਸ਼੍ਰੋਮਣੀ ਅਕਾਲੀ ਦਲ ਵਲੋਂ ਏ. ਡੀ. ਪੀ. ਪ੍ਰਸ਼ਨ ਪੱਤਰ ਲੀਕ ਹੋਣ ਦੀ ਸਵਤੰਤਰ ਜਾਂਚ ਕੀਤੇ ਜਾਣ ਦੀ ਮੰਗ

ਚੰਡੀਗੜ੍ਹ (ਲੋਕ ਬਾਣੀ) -ਸ਼੍ਰੋਮਣੀ ਅਕਾਲੀ ਦਲ ਨੇ ਅੱਜ ਪੰਜਾਬ ਵਿਚ ਖੇਤੀ ਵਿਕਾਸ ਅਧਿਕਾਰੀਆਂ (ਏ. ਡੀ. ਓਜ਼) ਦੀ ਚੋਣ ਲਈ ਪ੍ਰਸ਼ਨ ਪੱਤਰ ਲੀਕ ਹੋਣ ਦੀ ਸਵਤੰਤਰ ਜਾਂਚ ਦੀ ਮੰਗ ਕਰਦਿਆਂ ਕਿਹਾ ਕਿ ਇਹ ਬੇਹੱਦ ਨਿੰਦਣਯੋਗ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਉਮੀਦਵਾਰਾਂ ਵਲੋਂ ਲਾਏ ਗਏ ਦੋਸ਼ਾਂ ਦੇ ਬਾਵਜੂਦ ਭਰਤੀ ਪ੍ਰੀਖਿਆ ਨੂੰ ਰੱਦ ਕਰਨ ਕਰਨ ਲਈ ਕੋਈ ਕਾਰਵਾਈ ਨਹੀਂ ਕਰ ਰਹੀ ਹੈ। ਇਥੇ ਇਕ ਪ੍ਰੈਸ ਬਿਆਨ ਜਾਰੀ ਕਰਦਿਆਂ ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਵਿਦਿਆਰਥੀਆਂ ਨੇ ਸਾਫ ਤੌਰ 'ਤੇ ਕਿਹਾ ਹੈ ਕਿ ਖੇਤੀ ਵਿਭਾਗ ਦੇ ਇਕ ਸੀਨੀਅਰ ਅਧਿਕਾਰੀ ਨੇ ਪੇਪਰ ਲੀਕ ਕਰਨ ਲਈ 32 ਲੱਖ ਰੁਪਏ ਦੀ ਰਿਸ਼ਵਤ ਲਈ ਹੈ। ਉਨ੍ਹਾਂ ਇਸ ਬਾਰੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਈ ਮੇਲ ਕੀਤਾ, ਇਥੇ ਤੱਕ ਕਿ ਮੁੱਖ ਮੰਤਰੀ ਦੀ ਪਤਨੀ ਡਾ. ਗੁਰਪ੍ਰੀਤ ਕੌਰ ਨੂੰ ਵੀ ਮੰਗ ਪੱਤਰ ਸੌਂਪਿਆ ਪਰ ਸਰਕਾਰ ਇਸ ਮਾਮਲੇ ਵਿਚ ਕੋਈ ਕਾਰਵਾਈ ਕਰਨ ਤੋਂ ਇਨਕਾਰ ਕਰ ਰਹੀ ਹੈ। ਉਨ੍ਹਾਂ ਮੰਗ ਕੀਤੀ ਕਿ ਪੇਪਰ ਮੁੜ ਕਰਵਾਇਆ ਜਾਵੇ ਅਤੇ ਤੁਰੰਤ ਮਾਮਲਾ ਦਰਜ ਕੀਤਾ ਜਾਵੇ। ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਇਹ ਬੇਹੱਦ ਬਦਕਿਸਮਤੀ ਦੀ ਗੱਲ ਹੈ ਕਿ ਚਾਰ ਸਾਲ ਦੇ ਅੰਤਰਾਲ ਤੋਂ ਬਾਅਦ 200 ਏ. ਡੀ. ਓਜ਼ ਦੀ ਭਰਤੀ ਵਾਲਾ ਪੇਪਰ ਲੀਕਾ ਹੋ ਗਿਆ। ਉਨ੍ਹਾਂ ਕਿਹਾ ਕਿ ਇਸ ਨਾਲ ਨਾ ਸਿਰਫ ਪ੍ਰੀਖਿਆ ਪ੍ਰਕਿਰਿਆ ਦੀ ਅਖੰਡਤਾ ਘੱਟ



ਹੋਈ ਬਲਕਿ ਪੇਪਰ ਆਯੋਜਿਤ ਕਰਨ ਵਾਲੇ ਪੰਜਾਬ ਲੋਕ ਸੇਵਾ ਕਮਿਸ਼ਨ (ਪੀ. ਪੀ. ਐਸ. ਸੀ.) ਵਿਚ ਲੋਕਾਂ ਦਾ ਵਿਸ਼ਵਾਸ਼ ਵੀ ਖਤਮ ਹੋ ਗਿਆ। ਇਸ ਤੋਂ ਪਹਿਲਾਂ ਵੀ ਐਮ. ਬੀ. ਬੀ. ਐਸ. ਅਤੇ ਬੀ. ਡੀ. ਐਸ. ਵਿਚ ਪ੍ਰਵੇਸ਼ ਲਈ ਯੋਗਤਾ ਲਈ ਪ੍ਰੀਖਿਆ ਅਤੇ ਯੂ. ਜੀ. ਸੀ. ਨੈਟ ਪ੍ਰੀਖਿਆ ਸਮੇਤ ਕਈ ਪੇਪਰ ਲੀਕ ਹੋ ਚੁੱਕੇ ਹਨ। ਇਹ ਵਿਦਿਆਰਥੀਆਂ ਲਈ ਬਹੁਤ ਵੱਡਾ ਝਟਕਾ ਹੈ ਅਤੇ ਇਸ ਨਾਲ ਵਿਦਿਆਰਥੀਆਂ ਵਿਚ ਅਸੁਰੱਖਿਆ ਅਤੇ ਅਸ਼ਾਂਤੀ ਵੀ ਪੈਦਾ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਆਪ ਸਰਕਾਰ ਨੂੰ ਮੁੱਦੇ ਨੂੰ ਦਬਾਉਣ ਦੀ ਕੋਸ਼ਿਸ਼ ਕਰਨ ਦੀ ਬਜਾਏ ਇਸ ਨੂੰ ਠੀਕ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸੂਬੇ ਨੂੰ ਅੱਗੇ ਵਧਾਉਣ ਦਾ ਇਕਮਾਤਰ ਤਰੀਕਾ ਯੋਗਤਾ ਹੈ ਪਰ ਪੇਪਰ ਲੀਕ ਇਸ ਦੇ ਉਲਟ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੂੰ ਪੇਪਰ ਲੀਕ ਦੀ ਸਵਤੰਤਰ ਅਤੇ ਨਿਰਪੱਖ ਜਾਂਚ ਦਾ ਹੁਕਮ ਦੇਣਾ ਚਾਹੀਦਾ ਹੈ ਅਤੇ ਉਨ੍ਹਾਂ ਸਾਰੇ ਲੋਕਾਂ ਲਈ ਬਣਦੀ ਸਜ਼ਾ ਯਕੀਨੀ ਬਣਾਉਣੀ ਚਾਹੀਦੀ, ਜਿਨ੍ਹਾਂ ਨੇ ਵਿਦਿਆਰਥੀਆਂ ਦੇ ਜੀਵਨ ਨਾਲ ਖਿਲਵਾੜ ਕਰਨ ਦੀ ਕੋਸ਼ਿਸ਼ ਕੀਤੀ ਹੈ।

# ਵਾਤਾਵਰਨ ਦੀ ਸਾਂਭ ਸੰਭਾਲ ਲਈ ਹਰ ਮਨੁੱਖ ਲਾਵੇ ਇੱਕ ਰੁੱਖ: ਸ਼ਿਵ ਕੁਮਾਰ



ਸ੍ਰੀ ਮਾਛੀਵਾੜਾ ਸਾਹਿਬ-1 (ਲੋਕ ਬਾਣੀ) ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥ ਇਸ ਸਲੋਕ ਵਿੱਚ ਗੁਰੂ ਸਾਹਿਬਾਨ ਨੇ ਹਵਾ ਨੂੰ ਗੁਰੂ, ਪਾਣੀ ਨੂੰ ਪਿਤਾ ਅਤੇ ਧਰਤੀ ਨੂੰ ਮਾਂ ਦਾ ਦਰਜਾ ਦਿੱਤਾ ਹੈ। ਇਸ ਉਦੇਸ਼ ਨੂੰ ਮੁੱਖ ਰੱਖਦਿਆ ਸਮਾਜ ਸੇਵੀ ਕਾਰਜਾ ਵਿੱਚ ਜੁੱਟੀ ਸੰਸਥਾ ਮਾਛੀਵਾੜਾ ਸਾਹਿਬ ਸੋਸ਼ਲ ਵੈਲਫੇਅਰ ਸੁਸਾਇਟੀ ਐੱਨ.ਜੀ.ਓ (ਰਜ਼ਿ) ਵੱਲੋਂ ਅੱਜ ਵਾਤਾਵਰਨ ਦੀ ਸਾਂਭ ਸੰਭਾਲ ਲਈ ਬੂਟੇ ਲਗਾਏ ਗਏ। ਐੱਨ.ਜੀ.ਓ ਪ੍ਰਧਾਨ ਸ਼ਿਵ ਕੁਮਾਰ ਸ਼ਿਵਲੀ ਨੇ ਕਿਹਾ ਕਿ ਅੱਜ ਕੱਲ੍ਹ, ਵਾਤਾਵਰਨ ਦਾ ਮਾਮਲਾ ਇੱਕ ਗੰਭੀਰ ਮੁੱਦਾ ਹੈ, ਜਿਸਦੇ ਪ੍ਰਤੀ ਸਾਰੇ ਜਾਣੂ ਹੋਣੇ ਚਾਹੀਦੇ ਹਨ ਅਤੇ ਇਸ ਸਮੱਸਿਆ ਦਾ ਸਾਹਮਣਾ ਕਰਨ ਲਈ ਸਕਾਰਾਤਮਕ ਯਤਨ ਕਰਨੇ ਚਾਹੀਦੇ ਹਨ। ਅੱਜ ਸਾਹ ਲੈਣ ਲਈ ਸਾਡੀ ਹਵਾ, ਪੀਣ ਨੂੰ ਪਾਣੀ, ਉਪਜਾਊ ਫਸਲਾਂ ਲਈ ਮਿੱਟੀ ਆਦਿ ਸੱਭ ਕੁੱਝ ਪ੍ਰਦੂਸ਼ਿਤ ਹੋ ਚੁੱਕਿਆ ਹੈ। ਇਸੇ ਕਰਕੇ ਸਮੁੱਚੇ ਸੰਸਾਰ ਵਿੱਚ ਵਾਤਾਵਰਨ ਸਬੰਧੀ ਇਸ ਅਵੇਸਲੇਪਣ ਨੂੰ ਦੂਰ ਕਰਨ ਲਈ ਅਤੇ ਆਪਣੀ ਜਿੰਮੇਵਾਰੀ ਨੂੰ ਸਮਝਣ ਅਤੇ ਦੂਜਿਆਂ ਨੂੰ ਸਮਝਾਉਣ ਲਈ ਖਾਸ ਯਤਨ ਵੱਜੋਂ ਵਾਤਾਵਰਨ ਦੀ ਸਾਂਭ ਸੰਭਾਲ ਲਈ ਹਰ ਮਨੁੱਖ ਨੂੰ ਇੱਕ ਰੁੱਖ ਜ਼ਰੂਰ ਲਗਾਉਣਾ ਚਾਹੀਦਾ ਹੈ, ਤਾਂ ਕਿ ਅਸੀਂ ਆਪਣੀ ਜ਼ਿੰਮੇਵਾਰੀ ਪ੍ਰਤੀ ਸੁਹਿਰਦ ਹੋ ਸਕੀਏ। ਇਸ ਮੌਕੇ ਕਿਸਾਨ ਆਗੂ ਸੁਖਵਿੰਦਰ ਸਿੰਘ ਢਿੱਲੋਂ, ਐੱਨ.ਜੀ.ਓ ਮੈਂਬਰ ਜਗਦੀਸ਼ ਚਾਨਣਾ, ਮਿੰਕੂ ਹੰਸ, ਪਰਮਦੀਪਪਾਲ ਸਿੰਘ, ਵਿਦਿਆਰਥਣ ਗੁਰਪ੍ਰੀਤ ਕੌਰ ਆਦਿ ਹਾਜ਼ਰ ਸਨ।

# ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ 12 ਜੁਲਾਈ ਨੂੰ ਲਗਾਇਆ ਜਾਵੇਗਾ ਪਲੇਸਮੈਂਟ ਕੈਂਪ

ਫ਼ਤਹਿਗੜ੍ਹ ਸਾਹਿਬ, (ਲੋਕ ਬਾਣੀ) ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਬੇਰੋਜ਼ਗਾਰ ਨੌਜਵਾਨਾਂ ਨੂੰ ਵੱਧ ਤੋਂ ਵੱਧ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਦੇ ਮੰਤਵ ਨਾਲ 12 ਜੁਲਾਈ ਨੂੰ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ, ਜਿਸ ਵਿੱਚ ਐਲ.ਆਈ.ਸੀ., ਫੋਨ ਪੇਅ ਅਤੇ ਫਲਿੱਪਕਾਰਟ ਕੰਪਨੀਆਂ ਦੇ ਨੁਮਾਇੰਦੇ ਭਾਗ ਲੈਣਗੇ। ਇਨ੍ਹਾਂ ਕੰਪਨੀਆਂ ਵਿੱਚ ਲੜਕੇ ਤੇ ਲੜਕੀਆਂ ਦੋਵੇਂ ਭਾਗ ਲੈ ਸਕਦੇ ਹਨ ਅਤੇ ਵਿਦਿਅਕ ਯੋਗਤਾ ਘੱਟ ਤੋਂ ਘੱਟ 10ਵੀਂ ਅਤੇ ਉਮਰ 18 ਸਾਲ ਤੋਂ 40 ਸਾਲ ਤੱਕ ਹੋਣੀ ਚਾਹੀਦੀ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਰੋਜ਼ਗਾਰ ਅਫਸਰ ਸ਼੍ਰੀ ਹਰਪ੍ਰੀਤ ਸਿੰਘ ਸਿੱਧੂ ਨੇ ਦੱਸਿਆ ਕਿ ਇਸ ਕੈਂਪ ਲਈ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਦੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੀ ਗਰਾਊਂਡ ਫਲੋਰ ਤੇ ਸਥਿਤ ਕਮਰਾ ਨੰ: 127 ਵਿਖੇ ਸਵੇਰੇ 10:00 ਵਜੇ ਇੰਟਰਵਿਊ ਹੋਵੇਗੀ। ਉਨ੍ਹਾਂ ਜ਼ਿਲ੍ਹੇ ਦੇ ਬੇਰੋਜ਼ਗਾਰ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਇਸ ਕੈਂਪ ਦਾ ਲਾਭ ਲੈਣ। ਉਨ੍ਹਾਂ ਕਿਹਾ ਕਿ ਨੌਜਵਾਨ ਆਪਣੇ ਲੋੜੀਂਦੇ ਸਾਰੇ ਸਰਟੀਫਿਕੇਟ ਨਾਲ ਲੈ ਕੇ ਆਉਣ ਅਤੇ ਆਪਣਾ ਨਾਮ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਿਖੇ ਦਰਜ਼ ਕਰਵਾਉਣ। ਵਧੇਰੇ ਜਾਣਕਾਰੀ ਹਾਸਲ ਕਰਨ ਵਾਸਤੇ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਦੇ ਹੈਲਪ ਲਾਇਨ ਨੰਬਰ 99156-82436 ਤੇ ਸੰਪਰਕ ਕੀਤਾ ਜਾ ਸਕਦਾ ਹੈ। ਰੋਜ਼ਾਨਾਂ ਨੌਕਰੀਆਂ ਦੀ ਜਾਣਕਾਰੀ ਲੈਣ ਲਈ ਟੈਲੀਗ੍ਰਾਮ ਚੈਨਲ ਡੀ.ਬੀਈ.ਈ. ਫ਼ਤਹਿਗੜ੍ਹ ਸਾਹਿਬ ਜਾਂ https://t.me/dbeeggsjobs ਜੁਆਇੰਨ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਕਿਸੇ ਵੀ ਕੰਮ ਵਾਲੇ ਦਿਨ ਕਮਰਾ ਨੰ: 119-ਏ ਵਿਖੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

# ਕਿਸਾਨਾਂ ਨੇ ਦਿੱਲੀ ਕੂਚ ਕਰਨਾ ਜਾਂ ਨਹੀਂ 16 ਜੁਲਾਈ ਦੀ ਮੀਟਿੰਗ ਚ ਕੀਤਾ ਜਾਵੇਗਾ ਫੈਸਲਾ - ਸਰਵਨ ਸਿੰਘ ਪੰਧੇਰ



ਚੰਡੀਗੜ੍ਹ: (ਲੋਕ ਬਾਣੀ) ਪੰਜਾਬ ਹਰਿਆਣਾ ਹਾਈਕੋਰਟ ਵੱਲੋਂ ਸ਼ੰਭੂ ਬਾਰਡਰ ਖੋਲ੍ਹਣ ਦੇ ਹੁਕਮਾਂ ਤੋਂ ਬਾਅਦ ਅੰਮ੍ਰਿਤਸਰ ਵਿੱਚ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਸੂਬਾ ਜਨਰਲ ਸਕੱਤਰ ਸਰਵਨ ਸਿੰਘ ਭੰਦੇਰ ਨੇ ਪ੍ਰੈਸ ਕਾਨਫਰੰਸ ਕੀਤੀ ਅਤੇ ਪ੍ਰੈਸ ਕਾਨਫਰਸ ਕਰਕੇ ਉਹਨਾਂ ਨੇ ਕਿਹਾ ਕਿ ਸਵੇਰ ਤੋਂ ਹੀ ਨਿਊਜ਼ ਚੈਨਲਾਂ ਤੋਂ ਚੱਲ ਰਹੀਆਂ ਖਬਰਾਂ ਤੋਂ ਉਹਨਾਂ ਨੂੰ ਪਤਾ ਲੱਗਾ ਹੈ ਕਿ ਪੰਜਾਬ ਹਰਿਆਣਾ ਹਾਈਕੋਰਟ ਵੱਲੋਂ ਸੰਭੂ ਬਾਰਡਰ ਤੇ ਲੱਗੇ ਬੈਰੀਗੇਟ ਖੋਲਣ ਦਾ ਹੁਕਮ ਦਿੱਤਾ ਗਿਆ ਹੈ ਉਹਨਾਂ ਕਿਹਾ ਕਿ ਇਸ ਬਾਰੇ ਜਥੇਬੰਦੀ ਆਪਣੇ ਵਕੀਲ ਨਾਲ ਗੱਲਬਾਤ ਕਰ ਰਹੀ ਹੈ ਅਤੇ ਹਜੇ ਤੱਕ ਮਾਨਯੋਗ ਅਦਾਲਤ ਵੱਲੋਂ ਕੀਤੇ ਆਰਡਰ ਦੀ ਕਾਪੀ ਆਨਲਾਈਨ ਵੀ ਨਹੀਂ ਹੋਈ ਹੈ ਕਿਹਾ ਕਿ ਜਿੰਨੀ ਦੇਰ ਤੱਕ ਮਾਨਯੋਗ ਅਦਾਲਤ ਵੱਲੋਂ ਸੈਟੀਫਾਈਡ ਆਰਡਰ ਦੀ ਕਾਪੀ ਕਿਸਾਨ ਜਥੇਬੰਦੀ ਕੋਲ ਨਹੀਂ ਆ ਜਾਂਦੀ ਉਨੀ ਦੇਰ ਤੱਕ ਅਸੀਂ ਆਪਣੀ ਪੂਰੀ ਤਰੀਕੇ ਸਪਸ਼ਟੀਕਰਨ ਨਹੀਂ ਦੇ ਸਕਦੇ। ਬੋਲਦੇ ਹੋਏ ਕਿਸਾਨ ਆਗੂ ਸਰਵਨ ਸਿੰਘ ਪੰਧੇਰ ਨੇ ਕਿਹਾ ਕਿ ਕਿਸਾਨਾਂ ਨੇ ਕਿਸੇ ਵੀ ਤਰੀਕੇ ਸ਼ੰਭੂ ਬਾਰਡਰ ਦੇ ਉੱਤੇ ਰਸਤਾ ਨਹੀਂ ਰੋਕਿਆ ਹੋਇਆ ਉਹਨਾਂ ਕਿਹਾ ਕਿ ਕੇਂਦਰ ਸਰਕਾਰ ਅਤੇ ਹਰਿਆਣਾ ਸਰਕਾਰ ਨੇ ਹੀ ਰਸਤੇ ਚ ਦੀਵਾਰ ਬਣਾ ਕੇ ਰਸਤਾ ਰੋਕਿਆ ਸੀ। ਅਤੇ ਕਿਸਾਨਾਂ ਦੇ ਉੱਤੇ ਬਹੁਤ ਜਿਆਦਾ ਬਲ ਪ੍ਰਯੋਗ ਕੀਤਾ ਗਿਆ ਸੀ ਇਸ ਦੌਰਾਨ ਨੌਜਵਾਨ ਕਿਸਾਨ ਸ਼ੁਭ ਕਰਨ ਸਿੰਘ ਵੀ ਸ਼ਹੀਦ ਹੋਇਆ ਸੀ। ਉਸ ਸਮੇਂ ਮੌਕੇ ਤੇ ਹਾਲਾਤਾਂ ਨੂੰ ਦੇਖਦੇ ਹੋਏ ਕਿਸਾਨਾਂ ਨੇ ਸ਼ੰਭੂ ਬਾਰਡਰ ਤੇ ਰੁਕਣਾ ਹੀ ਸਹੀ ਸਮਝਿਆ ਉਹਨਾਂ ਕਿਹਾ ਕਿ ਅੱਗੇ ਦਿੱਲੀ ਕੂਚ ਕਰਨਾ ਹੈ ਜਾਂ ਨਹੀਂ ਕਰਨਾ ਇਸ ਬਾਰੇ 16 ਜੁਲਾਈ ਨੂੰ ਜਥੇਬੰਦੀ ਦੀ ਮੀਟਿੰਗ ਸ਼ੰਭੂ ਬਾਰਡਰ ਤੇ ਫੋਨ ਜਾ ਰਹੀ ਹੈ ਉਸ ਵਿੱਚ ਹੀ ਫੈਸਲਾ ਲਿੱਤਾ ਜਾਵੇਗਾ। ਇਸ ਦੇ ਨਾਲ ਹੀ ਉਹਨਾਂ ਨੇ ਕਿਹਾ ਕਿ ਜੋ ਹਰਿਆਣਾ ਸਰਕਾਰ ਵੱਲੋਂ ਸ਼ੁਭ ਕਰਨ ਸਿੰਘ ਦੀ ਮੌਤ ਤੇ ਰਿਪੋਰਟ ਬਣਾਈ ਗਈ ਹੈ ਉਸ ਤੋਂ ਕਿਸਾਨ ਸੰਤੁਸ਼ਟ ਨਹੀਂ ਹਨ ਅਤੇ ਉਹਨਾਂ ਕਿਹਾ ਕਿ ਅਸੀਂ ਮੰਗ ਕਰਦੇ ਹਾਂ ਕਿ ਕਿਸੇ ਰਿਟਾਇਰਡ ਜੱਜ ਕੋਲੋਂ ਇਸ ਸਾਰੇ ਮਾਮਲੇ ਦੀ ਜਾਂਚ ਕਰਵਾਈ ਜਾਵੇ।

# ਨਗਰ ਕੌਂਸਲ ਦਾ ਚੱਲਿਆ ਪੀਲਾ ਪੰਜਾ, ਅਧਿਕਾਰੀਆਂ ਦੀ ਹਾਜਰੀ 'ਚ ਟੀਮ ਨੇ ਖਦੇੜੇ ਨਜਾਇਜ ਕਬਜੇ

## ਚਾਹੇ ਕੋਈ ਵੀ ਹੋਵੇ, ਨਜਾਇਜ ਕਬਜਾ ਕਰਨ ਦੀ ਇਜਾਜਤ ਨਹੀਂ-ਈਓ ਚਰਨਜੀਤ ਸਿੰਘ

ਖੰਨਾ, (ਸੁਖਚੈਨ ਮਹਿਰਾ) -ਆਖਰਕਾਰ ਪਿਛਲੇ ਲੰਬੇ ਸਮੇਂ ਤੋਂ ਖੰਨਾ ਸ਼ਹਿਰ 'ਚ ਸੜਕਾਂ ਕਿਨਾਰੇ ਚੱਲ ਰਹੇ ਨਜਾਇਜ ਕਬਜਿਆਂ ਨੂੰ ਖਤਮ ਕਰਾਉਣ ਲਈ ਅੱਜ ਕਾਰਜ ਸਾਧਕ ਅਫਸਰ ਚਰਨਜੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ 'ਤੇ ਇੰਸਪੈਕਟਰ ਸਿਕੰਦਰ ਸਿੰਘ ਬਾਠ ਅਤੇ ਤਹਿਬਜਾਰੀ, ਇਨਕਰੋਚਮੈਂਟ ਟੀਮ ਦੇ ਇੰਚਾਰਜ ਸ੍ਰੀਮਤੀ ਪਰਮਜੀਤ ਕੌਰ ਦੀ ਅਗਵਾਈ 'ਚ ਨਗਰ ਕੌਂਸਲ ਦੀ ਟੀਮ ਜੇਸੀਬੀ ਮਸ਼ੀਨ ਅਤੇ ਪੂਰੇ ਲਾਮ ਲਸ਼ਕਰ ਨਾਲ ਤਿਆਰੀ ਕਰਕੇ ਮੈਦਾਨ 'ਚ ਉਤਰੀ ਅਤੇ ਅਮਲੋਹ ਰੋਡ 'ਤੇ ਪੀਲਾ ਪੰਜਾ ਚਲਾਉਂਦੇ ਹੋਏ ਨਜਾਇਜ ਕਬਜਿਆਂ ਨੂੰ ਹਟਾਉਣਾ ਸ਼ੁਰੂ ਕਰ ਦਿੱਤਾ। ਦੇਖਦੇ ਦੇਖਦੇ ਹੀ ਅਮਲੋਹ ਰੋਡ ਖੁੱਲੀ ਖੁੱਲੀ ਨਜਰ ਆਉਣ ਲੱਗੀ। ਨਜਾਇਜ ਕਬਜਿਆਂ ਖਿਲਾਫ਼ ਚੱਲੀ ਇਸ ਮੁਹਿੰਮ ਨਾਲ ਕਈਆਂ ਦੇ ਚਿਹਰੇ ਖੁਸ਼ੀ ਨਾਲ ਖਿੜੇ ਖਿੜੇ ਅਤੇ ਕਈਆਂ ਦੇ ਚਿਹਰੇ ਮੁਰਝਾਏ ਨਜਰ ਆਏ। ਪਿਛਲੇ ਸਮੇਂ ਦੌਰਾਨ ਨਜਾਇਜ ਕਬਜਿਆਂ ਖਿਲਾਫ਼ ਹੋਈਆਂ ਕਾਰਵਾਈਆਂ ਨੂੰ ਦੇਖਣ ਵਾਲੇ ਲੋਕਾਂ ਨੂੰ ਅੱਜ ਵੀ ਇਹੀ ਲੱਗਦਾ ਹੈ ਕਿ ਕੁੱਝ ਦਿਨਾਂ ਬਾਅਦ ਫਿਰ ਇਹ ਨਜਾਇਜ ਕਬਜੇ ਹੋ ਜਾਣੇ ਹਨ ਪਰ ਨਗਰ ਕੌਂਸਲ ਖੰਨਾ ਦੇ ਕਾਰਜ ਸਾਧਕ ਅਫਸਰ ਚਰਨਜੀਤ ਸਿੰਘ ਨੇ ਫੋਨ 'ਤੇ ਸੰਪਰਕ ਕਰਨ 'ਤੇ ਸਪੱਸ਼ਟ ਕੀਤਾ ਹੈ ਕਿ ਚਾਹੇ ਕੋਈ ਵੀ ਹੋਵੇ, ਹੁਣ ਕਿਸੇ ਨੂੰ ਵੀ ਨਜਾਇਜ ਕਬਜਾ ਕਰਨ ਦੀ ਇਜਾਜਤ ਨਹੀਂ ਦਿੱਤੀ ਜਾਵੇਗੀ। ਈਓ ਚਰਨਜੀਤ ਸਿੰਘ ਨੇ ਕਿਹਾ ਕਿ ਇਹ ਕਾਰਵਾਈ ਨਿਰੰਤਰ ਜਾਰੀ ਰਹੇਗੀ ਅਤੇ ਸ਼ਹਿਰ ਨੂੰ ਸੁੰਦਰ ਦਿੱਖ ਪ੍ਰਦਾਨ ਕਰਨ ਲਈ ਵੱਖ ਵੱਖ ਮਾਰਗਾਂ 'ਤੇ ਰੁੱਖ ਲਗਾਏ ਜਾਣਗੇ ਤਾਂ ਕਿ ਖੰਨਾ ਸ਼ਹਿਰ ਨੂੰ ਸਾਫ਼ ਸੁਥਰਾ ਤੇ ਸੁੰਦਰ ਬਣਾਇਆ ਜਾ ਸਕੇ। ਜਿਕਰਯੋਗ ਹੈ ਕਿ ਹਲਕਾ ਵਿਧਾਇਕ ਤਰੁਨਪ੍ਰੀਤ ਸਿੰਘ ਸੌਂਦ ਨੇ ਵੀ ਖੰਨੇ ਸ਼ਹਿਰ ਦੇ ਸੁੰਦਰੀਕਰਨ ਲਈ ਲੰਘੇ ਐਤਵਾਰ ਨੂੰ ਕਲੀਨ ਖੰਨਾ ਗਰੀਨ ਖੰਨਾ ਮੁਹਿੰਮ ਦਾ ਬੂਟੇ ਲਗਾਕੇ ਆਗਾਜ਼ ਕੀਤਾ ਸੀ, ਜਿਸ ਦੀ ਹਰ ਪਾਸੇ ਸ਼ਲਾਘਾ ਹੋ ਰਹੀ ਹੈ। ਈਓ ਚਰਨਜੀਤ ਸਿੰਘ ਨੇ ਦੱਸਿਆ ਕਿ ਇੰਸਪੈਕਟਰ ਸਿਕੰਦਰ ਸਿੰਘ ਬਾਠ ਅਤੇ ਤਹਿਬਜਾਰੀ, ਇਨਕਰੋਚਮੈਂਟ ਟੀਮ ਦੇ ਇੰਚਾਰਜ ਸ੍ਰੀਮਤੀ ਪਰਮਜੀਤ ਕੌਰ ਵੱਲੋਂ ਅਮਲੋਹ ਰੋਡ ਤੋਂ ਗੈਰਕਾਨੂੰਨੀ ਢੰਗ ਨਾਲ ਕੀਤੀ ਗਈ ਇੰਕਰੋਚਮੈਂਟ, ਟੈਂਪੂ ਯੂਨੀਅਨ ਵੱਲੋ ਪਾਰਕ ਕੀਤੇ ਗਏ




ਵਹੀਕਲਾਂ ਨੂੰ ਹਟਾਇਆ ਗਿਆ। ਉਹਨਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਕਿਸੇ ਵੀ ਤਰਾਂ ਦੇ ਸਰਕਾਰੀ ਪ੍ਰਾਪਰਟੀ, ਰੋਡ 'ਤੇ ਇੰਕਰੋਚਮੈਂਟ ਨਾਂ ਕੀਤੀ ਜਾਵੇ। ਦੁਕਾਨਦਾਰ, ਕਾਰੋਬਾਰੀਆਂ ਵੱਲੋਂ ਆਪਣੀਆਂ ਦੁਕਾਨਾਂ ਅੰਦਰ ਹੀ ਆਪਣਾ ਸਮਾਨ ਰੱਖਿਆ ਜਾਵੇ ਤਾਂ ਜੋ ਸ਼ਹਿਰ ਨੂੰ ਸਾਫ ਸੁਥਰਾ ਬਣਾਇਆ ਜਾਵੇ। ਇਸ ਮੌਕੇ ਟੀਮ 'ਚ ਸੈਨੇਟਰੀ ਸੁਪਰਵਾਈਜ਼ਰ ਹਿੰਮਤ ਸਿੰਘ, ਰਾਣੋ, ਸੁਨੀਤਾ, ਨਿਰਮਲ ਸਿੰਘ, ਗੁਰਪ੍ਰੀਤ ਸਿੰਘ, ਮਨੀਸ਼ ਘਈ, ਪੁਨੀਤ ਕੁਮਾਰ, ਪ੍ਰਭਜੋਤ ਸਿੰਘ, ਲਖਵੀਰ ਸਿੰਘ, ਸੰਜੀਵ ਕੁਮਾਰ, ਬੰਟੀ, ਮਨੀਸ਼ ਕੁਮਾਰ, ਪਰਮਜੀਤ ਕੌਰ ਆਦਿ ਹਾਜਰ ਸਨ।

# ਜ਼ਿਲ੍ਹਾ ਮੈਜਿਸਟਰੇਟ ਨੇ ਜ਼ਿਲ੍ਹੇ 'ਚ ਟਰੈਕਟਰਾਂ ਤੇ ਸਬੰਧਤ ਸੰਦਾਂ ਨਾਲ ਖਤਰਨਾਕ ਪ੍ਰਦਰਸ਼ਨ/ਸਟੰਟ ਕਰਨ 'ਤੇ ਲਗਾਈ ਪਾਬੰਦੀ

ਸਹੀਦ ਭਗਤ ਸਿੰਘ ਨਗਰ (ਰਮੇਸ ਸਰਮਾ/ ਮਨਪ੍ਰੀਤ ਵਾਸੂ) ਜ਼ਿਲ੍ਹਾ ਮੈਜਿਸਟਰੇਟ ਨਵਜੋਤ ਪਾਲ ਸਿੰਘ ਰੰਧਾਵਾ ਨੇ ਜ਼ਿਲ੍ਹੇ ਵਿੱਚ ਫੌਜਦਾਰੀ ਜਾਬਤਾ ਸੰਘਤਾ 1973 (1974 ਦਾ ਐਕਟ-2) ਦੀ ਧਾਰਾ 144 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੋਇਆਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਹਦੂਦ ਅੰਦਰ ਟਰੈਕਟਰਾਂ ਅਤੇ ਸਬੰਧਤ ਸੰਦਾਂ ਨਾਲ ਖਤਰਨਾਕ ਪ੍ਰਦਰਸ਼ਨ/ਸਟੰਟ ਕਰਨ 'ਤੇ ਪਾਬੰਦੀ ਦਾ ਹੁਕਮ ਜਾਰੀ ਕੀਤਾ ਹੈ। ਜ਼ਿਲ੍ਹਾ ਮੈਜਿਸਟਰੇਟ ਨੇ ਦੱਸਿਆ ਕਿ ਉਪ ਸਕੱਤਰ ਪੰਜਾਬ ਸਰਕਾਰ ਗ੍ਰਹਿ ਮਾਮਲੇ ਅਤੇ ਨਿਆ ਵਿਭਾਗ (ਗ੍ਰਹਿ-5 ਸ਼ਾਖਾ) ਦੇ ਪੱਤਰ ਨੰਬਰ ਗ੍ਰਹਿ-5/ਸਪੈਸ਼ਲ/2023/1 ਚੰਡੀਗੜ੍ਹ ਮਿਤੀ 30.10.2023 ਰਾਹੀਂ ਲਿਖਿਆ ਹੈ ਕਿ ਰਾਜ ਵਿੱਚ ਬੀਤੇ ਦਿਨੀ ਕੁੱਝ ਘਟਨਾਵਾਂ ਵਾਪਰੀਆਂ ਹਨ, ਜਿਨ੍ਹਾਂ ਵਿੱਚ ਟਰੈਕਟਰ ਅਤੇ ਸਬੰਧਤ ਸੰਦਾਂ ਦੇ ਖਤਰਨਾਕ ਪ੍ਰਦਰਸ਼ਨ/ਸਟੰਟ ਦੌਰਾਨ ਨੌਜਵਾਨਾਂ ਨੂੰ ਗੰਭੀਰ ਸੱਟਾਂ ਆਈਆਂ ਹਨ ਅਤੇ ਇੱਕ ਨੌਜਵਾਨ ਦੀ ਮੌਤ ਵੀ ਹੋਈ ਹੈ। ਇਸ ਲਈ ਟਰੈਕਟਰਾਂ ਅਤੇ ਸਬੰਧਤ ਸੰਦਾਂ ਦੇ ਖਤਰਨਾਕ ਪ੍ਰਦਰਸ਼ਨ/ਸਟੰਟ 'ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਇਹ ਹੁਕਮ 9 ਸਤੰਬਰ, 2024 ਤੱਕ ਲਾਗੂ ਰਹੇਗਾ।

# ਵਿਦਿਆਰਥੀ ਨਵਰਾਜ ਸਿੰਘ ਨੂੰ ਪ੍ਰਾਪਤ ਹੋਇਆ ਚੈੱਕ




ਸ੍ਰੀ ਅਨੰਦਪੁਰ ਸਾਹਿਬ, (ਦਵਿੰਦਰਪਾਲ ਸਿੰਘ): ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ , ਸਿੱਖਿਆ ਬਲਾਕ ਸ਼੍ਰੀ ਅਨੰਦਪੁਰ ਸਾਹਿਬ , ਜ਼ਿਲ੍ਹਾ ਰੂਪਨਗਰ ਦੇ ਪੰਜਵੀਂ ਜਮਾਤ ਦੇ ਬਹੁਤ ਹੋਣਹਾਰ ਵਿਦਿਆਰਥੀ ਨਵਰਾਜ ਸਿੰਘ ਨੂੰ ਉਸ ਦੀਆਂ ਵਧੀਆਂ ਲਿਖਤਾਂ ਦੇ ਇਵਜ਼/ਇਨਾਮ ਵਜੋਂ ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਤੋਂ 200 ਰੁਪਏ ਦਾ ਚੈੱਕ ਪ੍ਰਾਪਤ ਹੋਇਆ। ਦੱਸਣਯੋਗ ਹੈ ਕਿ ਸਕੂਲ ਦੇ ਸਟੇਟ ਐਵਾਰਡੀ ਅਧਿਆਪਕ ਮਾਸਟਰ ਸੰਜੀਵ ਧਰਮਾਣੀ ਜਿੱਥੇ ਆਪ ਇੱਕ ਚੰਗੇ ਲੇਖਕ ਹਨ , ਉੱਥੇ ਉਹ ਆਪਣੇ ਸਕੂਲ ਦੇ ਵਿਦਿਆਰਥੀਆਂ ਨੂੰ ਵੀ ਬਾਲ - ਰਚਨਾਵਾਂ ਲਿਖਣ ਲਈ ਪ੍ਰੇਰਤ ਕਰਦੇ ਰਹਿੰਦੇ ਹਨ ਤੇ ਉਹਨਾਂ ਦੇ ਵਿਦਿਆਰਥੀਆਂ ਦੀਆਂ ਬਾਲ - ਰਚਨਾਵਾਂ ਪ੍ਰਕਾਸ਼ਿਤ ਵੱਖ-ਵੱਖ ਅਖਬਾਰਾਂ ਅਤੇ ਰਸਾਲਿਆਂ ਆਦਿ ਵਿੱਚ ਪ੍ਰਕਾਸ਼ਿਤ ਵੀ ਹੁੰਦੀਆਂ ਰਹਿੰਦੀਆਂ ਹਨ ਤੇ ਇਹ ਮਾਸਟਰ ਸੰਜੀਵ ਧਰਮਾਣੀ ਤੇ ਇਨ੍ਹਾਂ ਹੋਣਹਾਰ ਵਿਦਿਆਰਥੀਆਂ ਦੀ ਮਿਹਨਤ ਦਾ ਫਲ ਹੈ। ਇਸ ਮੌਕੇ ਸਮੂਹ ਸਟਾਫ ਵੱਲੋਂ ਵਿਦਿਆਰਥੀ ਨਵਰਾਜ ਸਿੰਘ ਨੂੰ ਵਧਾਈ ਦਿੱਤੀ ਗਈ।

# ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਨੋਟਿਸ ਭੇਜ ਕੇ ਬਿਨਾਂ ਵਜ੍ਹਾ ਤੰਗ ਪ੍ਰੇਸਾਨ ਕਰਨਾ ਜਥੇਬੰਦੀ ਬਰਦਾਸ਼ਤ ਨਹੀਂ ਕਰੇਗੀ- ਕੁੱਕੂ




ਬਰਨਾਲਾ ( ਸੁਖਵਿੰਦਰ ਸਿੰਘ ਭੰਡਾਰੀ) ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਬਲਾਕ ਮਹਿਲ ਕਲਾਂ ਭਾਈ ਦੇ ਸਮੂਹ ਵਰਕਰਾਂ ਤੇ ਆਗੂਆਂ ਦੀ ਬਲਾਕ ਪੱਧਰੀ ਮੀਟਿੰਗ ਬਲਾਕ ਚੇਅਰਮੈਨ ਹਰਮੇਲ ਸਿੰਘ ਮਿੰਟਾ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਪਾਤਸ਼ਾਹੀ ਛੇਵੀਂ ਮਹਿਲ ਕਲਾਂ ਵਿਖੇ ਹੋਈ। ਇਸ ਮੌਕੇ ਜਥੇਬੰਦੀ ਦੇ ਜ਼ਿਲ੍ਹਾ ਸਕੱਤਰ ਅਮਰਜੀਤ ਕੁੱਕੂ ਅਤੇ ਜੁਆਇੰਟ ਸਕੱਤਰ ਬਲਦੇਵ ਧਨੇਰ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਅੰਦਰ ਨਸ਼ਿਆ ਦੀ ਆੜ੍ਹ ਹੇਠ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਨੋਟਿਸ ਭੇਜ ਕੇ ਬਿਨਾਂ ਵਜ੍ਹਾ ਤੰਗ ਪ੍ਰੇਸਾਨ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਲੰਘੀਆਂ ਚੋਣਾਂ ਸਮੇਂ ਰਾਜ ਦੇ ਲੋਕਾਂ ਨਾਲ ਵੱਡੇ ਵੱਡੇ ਵਾਅਦੇ ਕਰਕੇ ਸੱਤਾ ਵਿੱਚ ਆਉਣ ਤੇ ਵਾਅਦੇ ਪੂਰੇ ਕਰਨ ਤੋਂ ਭੱਜ ਚੁੱਕੀਆਂ ਹਨ। ਉਨਾਂ ਮੰਗ ਕੀਤੀ ਕਿ ਮੌਜੂਦਾ ਸਰਕਾਰ ਆਪਣੇ ਚੋਣ ਵਾਅਦੇ ਨੂੰ ਪੂਰਾ ਕਰੇ। ਇਸ ਮੀਟਿੰਗ ਵਿੱਚ ਹਾਥਰਸ਼ ਵਿੱਚ ਸਤਸੰਗ ਦੌਰਾਨ ਹੋਈਆਂ ਮੌਤਾਂ ਤੇ ਡੂੰਘੀ ਚਿੰਤਾ ਪ੍ਰਗਟ ਕਰਦਿਆਂ ਉਕਤ ਆਗੂਆਂ ਨੇ ਮੰਗ ਕੀਤੀ ਕਿ ਇਸ ਦੀ ਜਲਦੀ ਇਨਕੁਆਰੀ ਹੋਣੀ ਚਾਹੀਦੀ ਹੈ। ਅਤੇ ਆਸਥਾ ਦੇ ਨਾਂ ਤੇ ਲੋਕਾਂ ਦੀਆਂ ਜਾਨਾਂ ਨਾਲ ਖਿਲਵਾੜ ਕਰਨ ਵਾਲਿਆਂ ਖ਼ਿਲਾਫ਼ ਪਰਚੇ ਦਰਜ ਹੋਣੇ ਚਾਹੀਦੇ ਹਨ। ਉਨਾ ਚਿਤਾਵਨੀ ਦਿੱਤੀ ਜੇਕਰ ਪ੍ਰੈਕਟੀਸ਼ਨਰਜ ਨੂੰ ਬਿਨਾਂ ਤੰਗ ਪਰੇਸ਼ਾਨ ਕੀਤਾ ਗਿਆ ਤਾਂ ਜਥੇਬੰਦੀ ਕਦੇ ਬਰਦਾਸ਼ਤ ਨਹੀਂ ਕਰੇਗੀ।

ਇਸ ਮੀਟਿੰਗ ਨੂੰ ਉਕਤ ਆਗੂਆਂ ਤੋਂ ਇਲਾਵਾ ਸੁਰਿੰਦਰ ਸਿੰਘ ਕੁਰੜ,ਕਮਲ ਠੀਕਰੀਵਾਲਾ,ਦਰਬਾਰਾਸਿੰਘਮੂੰਮਇਮਰਾਨ ਖਾਨ,ਮਲਕ ਠੀਕਰੀਵਾਲਾ,ਕੇਵਲ ਸਿੰਘ ਕਲਾਲਮਾਜਰਾ, ਮੇਜ਼ਰ ਸਿੰਘ ਗੰਗਹੋਰ, ਦਵਿੰਦਰ ਸਿੰਘ ਨਿਹਾਲੂਵਾਲ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।

## ਵਾਤਾਵਰਣ ਪ੍ਰੇਮੀਆਂ ਨੇ ਮਾਡਲ ਟਾਊਨ 'ਚ ਲਗਾਏ ਬੂਟੇ



ਖੰਨਾ, (ਸੁਖਚੈਨ ਮਹਿਰਾ) -ਸ਼ਹਿਰ ਦੇ ਸਮਰਾਲਾ ਰੋਡ 'ਤੇ ਸਥਿੱਤ ਮਾਡਲ ਟਾਊਨ ਇਲਾਕੇ 'ਚ ਵਾਤਾਵਰਣ ਬਚਾਉਣ ਲਈ ਉਪਰਾਲਾ ਕਰਦੇ ਹੋਏ ਸੁਖਵਿੰਦਰ ਸਿੰਘ ਵਾਲੀਆ ਦੀ ਅਗਵਾਈ 'ਚ ਵੱਖ ਵੱਖ ਕਿਸਮਾਂ ਦੇ ਬੂਟੇ ਲਗਾਏ ਗਏ। ਸਮਾਜ ਸੇਵੀ ਨਰੇਸ਼ ਢੰਡ ਨੇ ਕਿਹਾ ਕਿ ਵਾਤਾਵਰਣ ਬਚਾਉਣ ਲਈ ਹਰੇਕ ਮਨੁੱਖ ਨੂੰ ਆਪਣਾ ਬਣਦਾ ਯੋਗਦਾਨ ਪਾਉਂਦੇ ਹੋਏ ਘੱਟ ਘੱਟ ਦੋ ਬੂਟੇ ਲਗਾਕੇ ਉਹਨਾਂ ਦਾ ਪਾਲਣ ਪੋਸ਼ਣ ਕਰਨਾ ਚਾਹੀਦਾ ਹੈ। ਸੁਖਵਿੰਦਰ ਸਿੰਘ ਵਾਲੀਆ ਨੇ ਦੱਸਿਆ ਕਿ ਅਸੀਂ ਹਰ ਸਾਲ ਵੱਧ ਤੋਂ ਵੱਧ ਬੂਟੇ ਲਗਾਉਣ ਦਾ ਪ੍ਰਣ ਕੀਤਾ ਹੈ। ਇਸ ਮੌਕੇ ਸ਼ਿਵ ਮਾਲੀ, ਪ੍ਰਿੰਸ, ਮਨਪ੍ਰੀਤ ਬੱਲ, ਵੀਰਜੀ, ਗੁੱਡੂ ਆਦਿ ਹਾਜਰ ਸਨ।

# ਲਾਈਨਜ ਕਲੱਬ ਸ੍ਰੀ ਅਨੰਦਪੁਰ ਸਾਹਿਬ ਵੱਲੋਂ 13 ਜੁਲਾਈ ਨੂੰ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਲਗਾਏ ਜਾਣਗੇ ਬੂਟੇ

ਸ੍ਰੀ ਅਨੰਦਪੁਰ ਸਾਹਿਬ (ਦਵਿੰਦਰਪਾਲ ਸਿੰਘ): ਲਾਈਨਜ ਕਲੱਬ ਸ੍ਰੀ ਅਨੰਦਪੁਰ ਸਾਹਿਬ ਦੀ ਅੱਜ ਜ਼ਰੂਰੀ ਮੀਟਿੰਗ ਪ੍ਰਧਾਨ ਲਾਈਨ ਰਾਜਵਿੰਦਰ ਸਿੰਘ ਸੋਢੀ ਦੀ ਪ੍ਰਧਾਨਗੀ ਹੇਠ ਹੋਈ। ਜਿਸ ਚ ਵੱਡੀ ਗਿਣਤੀ ਅਹੁਦੇਦਾਰ ਅਤੇ ਮੈਂਬਰ ਸਹਿਬਾਨ ਹਾਜ਼ਰ ਹੋਏ। ਇਸ ਮੌਕੇ ਕਾਰਵਾਈ ਸ਼ੁਰੂ ਕਰਦਿਆਂ ਸਕੱਤਰ ਲਾਈਨ ਸੰਜੇ ਮਹਾਜਨ ਨੇ ਲਾਈਨ ਮੈਂਬਰ ਹਰਸਿਮਰਨ ਸਿੰਘ ਸਫੀ ਦੇ ਪਿਤਾ ਸ ਬਲਵਿੰਦਰ ਸਿੰਘ ਲਾਟੀ ਜੀ ਦੇ ਅਕਾਲ ਚਲਾਣਾ ਕਰ ਜਾਣ ਤੇ ਸ਼ੋਕ ਮਤਾ ਪੇਸ਼ ਕੀਤਾ ਜਿਸ ਤੇ ਸਮੂਹ ਕਲੱਬ ਮੈਂਬਰਾਂ ਵੱਲੋਂ ਮੋਨ ਰੱਖ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ ਮੀਟਿੰਗ ਦੀ ਕਾਰਵਾਈ ਪ੍ਰੈਸ ਨੂੰ ਜਾਰੀ ਕਰਦਿਆਂ ਪੀਆਰੋ ਲਾਈਨ ਇੰਦਰਜੀਤ ਸਿੰਘ ਅਰੋੜਾ ਵੱਲੋਂ ਦੱਸਿਆ ਗਿਆ ਕਿ ਕਲੱਬ ਵੱਲੋਂ 13 ਜੁਲਾਈ ਦਿਨ ਸ਼ਨੀਵਾਰ ਨੂੰ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਬੂਟੇ ਲਗਾਏ ਜਾਣਗੇ ਕਲੱਬ ਵਿੱਚ ਨਵੇਂ ਮੈਂਬਰਾਂ ਜਪਨ ਜੋਤ ਸਿੰਘ ਸੈਣੀ ਅਰੋੜਾ ਅਤੇ ਐਡਵੋਕੇਟ ਵਿਸ਼ਾਲ ਮਹਿਰਾ ਵੱਲੋਂ ਜੁਆਇਨ ਕੀਤਾ ਗਿਆ ਅਖੀਰ ਵਿੱਚ ਕਲੱਬ ਕੈਸ਼ੀਅਰ ਲਾਈਨ ਸੁਖਵਿੰਦਰ ਸਿੰਘ ਬਿੱਟੂ ਵੱਲੋਂ ਹਾਜਰੀਨ ਲਾਈਨਜ ਮੈਂਬਰ ਦਾ ਧੰਨਵਾਦ ਕੀਤਾ ਗਿਆ ਇਸ ਮੌਕੇ ਉਪਰੋਕਤ ਤੋਂ ਇਲਾਵਾ ਲਾਈਨ ਭੁਪਿੰਦਰ ਪਾਲ ਸਿੰਘ ਤਲਵਾੜ, ਲਾਈਨ ਦੀਪਕ ਰਾਣਾ ਲਾਈਨ ਵਿਜੈ ਕੁਮਾਰ ਸੋਢੀ, ਲਾਈਨ ਅਰਸ਼ਵਿੰਦਰ ਸਿੰਘ ਛਬਲੀ, ਲਾਈਨ ਕਮਲਜੀਤ ਵਰਮਾ, ਲਾਈਨ ਅਵਤਾਰ ਸਿੰਘ ਬੈਗਾਂ ਵਾਲੇ, ਲਾਈਨ ਜਗਤਾਰ ਸਿੰਘ ਸੰਘਾ, ਲਾਈਨ ਦਵਿੰਦਰ ਸਿੰਘ ਰਾਣਾ, ਲਾਈਨ ਅਜੇ ਸੋਢੀ ਲਾਈਨ ਹਰਚਰਨ ਸਿੰਘ ਬੇਦੀ, ਲਾਈਨ ਮਹੇਸ਼ ਕੁਮਾਰ, ਲਾਈਨ ਅਮਰਿੰਦਰ ਸਿੰਘ ਚੀਮਾ, ਲਾਈਨ ਹਰਸਿਮਰਤ ਸਿੰਘ ਸੈਣੀ, ਲਾਈਨ ਰਾਜਨ ਗਾਬਾ,ਆਦਿਕ ਤੋਂ ਇਲਾਵਾ ਵੱਡੀ ਗਿਣਤੀ ਚ ਲਾਈਨਜ਼ ਕਲੱਬ ਦੇ ਅਹੁਦੇਦਾਰ ਅਤੇ ਮੈਂਬਰ ਸਹਿਬਾਨ ਹਾਜਰ ਸਨ।



## ਸਰਕਾਰ ਵਲੋਂ ਜਿਲ੍ਹੇ ਅੰਦਰ 11 ਲੱਖ ਪੌਦੇ ਲਾਉਣ ਦਾ ਟੀਚਾ ਪ੍ਰੰਤੂ ਵਿਭਾਗ ਲੋਕਾਂ ਨੂੰ ਨਹੀਂ ਦੇ ਰਿਹਾ ਪੌਦੇ

# ਸੰਬੰਧਿਤ ਵਿਭਾਗ ਦਾ ਪੌਦੇ ਲਗਾਉਣ ਦੇ ਲਈ ਪ੍ਰਾਈਵੇਟ ਸੰਸਥਾਵਾਂ ਦਾ ਮਦਦ ਨਾ ਕਰਨਾ ਵਾਤਾਵਰਨ ਪ੍ਰੇਮੀਆਂ ਦੇ ਜੋਸ਼ ਨੂੰ ਕਰ ਸਕਦੈ ਮੱਠਾ

ਸ੍ਰੀ ਆਨੰਦਪੁਰ ਸਾਹਿਬ, (ਦਵਿੰਦਰਪਾਲ ਸਿੰਘ): ਸਥਾਨਕ ਵਿਧਾਇਕ ਅਤੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਅੱਜ ਜਿੱਥੇ ਨੰਗਲ ਦੇ ਪਿੰਡ ਭਲਾਨ ਵਿਖੇ ਪੌਦੇ ਲਗਾਏ ਗਏ ਅਤੇ ਇਹ ਐਲਾਨ ਕੀਤਾ ਗਿਆ ਕਿ ਵਾਤਾਵਰਨ ਨੂੰ ਵਧੀਆ ਬਣਾਉਣ ਲਈ ਬਰਸਾਤੀ ਸੀਜ਼ਨ ਦੌਰਾਨ ਜਿਲਾ ਰੂਪਨਗਰ ਵਿੱਚ 11 ਲੱਖ ਪੌਦੇ ਲਗਾਏ ਜਾਣਗੇ ਪ੍ਰੰਤੂ ਲਗਦਾ ਹੈ ਕੇ ਜੰਗਲਾਤ ਵਿਭਾਗ ਮੰਤਰੀ ਸਾਹਿਬ ਵੱਲੋਂ ਸ਼ੁਰੂ ਕੀਤੀ ਇਸ ਮੁਹਿੰਮ ਨੂੰ ਸਿਰੇ ਨਹੀਂ ਚੜਾਉਣਾ ਚਾਹੁੰਦਾ। ਅਸਲ ਵਿੱਚ ਪਹਿਲਾਂ ਕੋਈ ਵੀ ਪ੍ਰਾਈਵੇਟ ਸੰਸਥਾ ਸੰਬੰਧਿਤ ਵਿਭਾਗ ਨੂੰ ਇਕ ਬਿਨੇ ਪੱਤਰ ਦੇ ਕੇ ਵਿਭਾਗ ਤੋਂ ਫ੍ਰੀ ਪੌਦੇ ਲੈ ਕੇ ਉਨ੍ਹਾਂ ਨੂੰ ਵੱਖ ਵੱਖ ਸਥਾਨਾਂ ਤੇ ਲਗਾ ਕੇ ਵਾਤਾਵਰਨ ਦੀ ਸਾਂਭ ਸੰਭਾਲ ਵਿੱਚ ਆਪਣਾ ਯੋਗਦਾਨ ਪਾ ਸਕਦਾ ਸੀ। ਹੁਣ ਸੰਬੰਧਿਤ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਹਨਾਂ ਨੂੰ ਨਵੇਂ ਦਿਸ਼ਾਂ ਨਿਰਦੇਸ਼ ਜਾਰੀ ਕੀਤੇ ਗਏ ਹਨ ਤੇ ਕੇਵਲ ਸਰਕਾਰੀ ਸੰਸਥਾਵਾਂ ਨੂੰ ਹੀ ਪੌਦੇ ਲਗਾਉਣ ਦੇ ਲਈ ਫਰੀ ਵਿੱਚ ਪੌਦੇ ਦਿੱਤੇ ਜਾ ਸਕਦੇ ਹਨ ਤੇ ਕਿਸੇ ਵੀ ਪ੍ਰਾਈਵੇਟ ਸੰਸਥਾ ਨੇ ਜੇਕਰ ਪੌਦੇ ਲੈਣੇ ਹਨ ਤਾਂ ਉਹਨਾਂ ਨੂੰ 20 ਰੁਪਏ ਪ੍ਰਤੀ ਪੌਦਾ ਵਿਭਾਗ ਨੂੰ ਦੇਣਾ ਪਵੇਗਾ। ਜਿਸ ਕਾਰਨ ਵਾਤਾਵਰਨ ਪ੍ਰੇਮੀਆਂ ਵਿਚ ਕਾਫੀ ਸਰਕਾਰ ਪ੍ਰਤੀ ਕਾਫੀ ਨਰਾਜ਼ਗੀ ਦਿਖਾਈ ਦੇ ਰਹੀ ਹੈ। ਗੱਲ ਪੈਸੇ ਖਰਚਣ ਦੀ ਨਹੀਂ ਹੈ ਸਗੋਂ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਥਾਨਕ ਵਿਧਾਇਕ ਤੇ ਮੰਤਰੀ ਐਡਵੋਕੇਟ ਹਰਜੋਤ ਸਿੰਘ ਬੈਂਸ ਵੱਲੋਂ ਜਿਵੇਂ ਲੋਕਾਂ ਨੂੰ ਵਾਤਾਵਰਨ ਨੂੰ ਬਚਾਉਣ ਦੇ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ ਤੇ ਵੱਡੀ ਗਿਣਤੀ ਵਿੱਚ ਪੌਦੇ ਲਾਉਣ ਲਈ ਲੋਕਾਂ ਚ ਉਤਸ਼ਾਹ ਭਰਿਆ ਜਾ ਰਿਹਾ ਹੈ ਲਗਦਾ ਹੈ ਕਿ ਸੰਬੰਧਿਤ ਵਿਭਾਗ ਦਾ ਪੌਦੇ ਲਗਾਉਣ ਦੇ ਲਈ ਪ੍ਰਾਈਵੇਟ ਸੰਸਥਾਵਾਂ ਦਾ ਮਦਦ ਨਾ ਕਰਨਾ ਵਾਤਾਵਰਨ ਪ੍ਰੇਮੀਆਂ ਦੇ ਜੋਸ਼ ਨੂੰ ਮੱਠਾ ਕਰ ਸਕਦਾ ਹੈ।

### ਹਾਥੀ ਦੇ ਦੰਦ ਦਿਖਾਣ ਨੂੰ ਹੋਰ ਤੇ ਖਾਣ ਨੂੰ ਹੋਰ -ਸੁਭਾਸ਼ ਸ਼ਰਮਾ

ਇਸ ਬਾਰੇ ਗੱਲ ਕਰਦੇ ਪੰਜਾਬ ਭਾਜਪਾ ਦੇ ਵਾਈਸ ਪ੍ਰਧਾਨ ਡਾ. ਸੁਭਾਸ਼ ਸ਼ਰਮਾ ਨੇ ਕਿਹਾ ਕਿ ਇਹੀ ਬਦਲਾਅ ਨਜ਼ਰ ਆ ਰਿਹਾ ਹੈ ਉਹਨਾਂ ਕਿਹਾ ਹਾਥੀ ਦੇ ਦੰਦ ਦਿਖਾਣ ਨੂੰ ਹੋਰ ਤੇ ਖਾਣ ਨੂੰ ਹੋਰ ਹਨ ਜਿੰਨੀਆਂ ਵੀ ਸਰਕਾਰਾਂ ਹੁਣ ਤੱਕ ਹੋਈਆਂ ਉਹਨਾਂ ਨੇ ਪੌਦੇ ਫਰੀ ਵੰਡੇ ਤਾਂ ਕਿ ਗਰੀਬ ਤੋਂ ਗਰੀਬ ਲੋਕ ਵੀ ਪੌਦੇ ਲੁਆ ਸਕਣ ਪਰ ਅਫਸੋਸ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਗਰੀਬ ਲੋਕਾਂ ਕੋਲੋਂ ਪੌਦੇ ਲਗਾਉਣ ਦਾ ਹੱਕ ਵੀ ਖੋ ਲਿਆ ਤੇ ਤਿਜੋਰੀਆਂ ਭਰਨ ਨੂੰ ਪਹਿਲ ਦਿੱਤੀ ਹੈ ਜੋ ਕਿ ਅਫਸੋਸ ਨਾਕ ਹੈ।

### ਕੀ ਕਹਿਣਾ ਹੈ ਰੇਂਜ ਅਫਸਰ ਦਾ ?

ਇਸ ਸਬੰਧੀ ਜਦੋਂ ਰੇਂਜ ਅਫਸਰ ਸੁਖਦੀਪ ਸਿੰਘ ਨਾਲ ਗੱਲ ਕੀਤੀ ਗਈ ਤਾਂ ਉਹਨਾਂ ਕਿਹਾ ਕਿ ਸਾਨੂੰ ਸਰਕਾਰ ਵੱਲੋਂ ਲਿਖਤੀ ਹਿਦਾਇਤਾਂ ਆਈਆਂ ਹਨ ਕਿ ਕਿਸੇ ਵੀ ਗੈਰ ਸਰਕਾਰੀ ਸੰਸਥਾ ਨੂੰ ਪੌਦੇ ਨਹੀਂ ਦੇਣੇ ਇਸ ਲਈ ਅਸੀਂ ਇਹ ਪੌਦੇ ਨਹੀਂ ਦੇ ਸਕਦੇ ਉਹਨਾਂ ਕਿਹਾ ਕਿ ਪਰਮਿਟ ਦੇ ਤਹਿਤ ਹੀ ਹੁਣ ਪੌਦੇ ਦਿੱਤੇ ਜਾ ਸਕਣਗੇ ਜਿਸ ਸਬੰਧੀ ਪੋਦੇ ਦਾ 20 ਰੁਪਏ ਪ੍ਰਤੀ ਪੋਦਾ ਰੇਟ ਦੇਣਾ ਹੋਵੇਗਾ।

ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ । ਸੂਚਨਾਂ, ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜੰਮੇਵਾਰੀ ਨਹੀ ਲੈਂਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ । ਕਿ ਉਹ ਇਨਾ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀਕਰ ਲੈਣ।ਰੋਜ਼ਾਨਾਲੋਕ ਬਾਣੀ ਚ ਪ੍ਰਕਾਸ਼ਿਤ ਸੰਮਗਰੀ ਅਤੇ ਹੋਰ ਵਾਦ-ਵਿਵਾਦ ਸੰਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀ । ਖਬਰਾਂ ਪ੍ਰਤੀ ਜਿੰਮੇਵਾਰੀ ਪੱਤਰਕਾਰ ਦੀ ਹੋਵੇਗੀ ।

Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com

# ਮਹਿਲਾ ਕਿਸਾਨ ਉਤਪਾਦਕ ਕੰਪਨੀਆਂ ਰਾਹੀਂ ਉੱਦਮੀ ਬਣੀਆਂ ਜ਼ਿਲ੍ਹਾ ਬਰਨਾਲਾ ਦੀਆਂ ਔਰਤਾਂ

ਬਰਨਾਲਾ, (ਸੁਖਵਿੰਦਰ ਸਿੰਘ ਭੰਡਾਰੀ)ਔਰਤਾਂ ਨੂੰ ਆਰਥਿਕ ਤੌਰ ਤੇ ਆਤਮ ਨਿਰਭਰ ਬਣਾਉਣ ਲਈ ਉੱਦਮੀ ਬਣਾਉਣ ਵਾਸਤੇ ਸ਼ੁਰੂ ਕੀਤਾ ਗਿਆ ਪ੍ਰੋਜੈਕਟ ਪਿੰਡਾਂ ਦੀਆਂ ਔਰਤਾਂ ਲਈ ਵਰਦਾਨ ਸਾਬਿਤ ਹੋ ਰਿਹਾ ਹੈ। ਇਸ ਪ੍ਰੋਜੈਕਟ ਤਹਿਤ ਜਿੱਥੇ ਔਰਤਾਂ ਡਰੋਨ ਪਾਇਲਟ ਬਣ ਕੇ ਆਰਥਿਕ ਤੌਰ ਤੇ ਆਤਮ ਨਿਰਭਰ ਹੋਈਆਂ ਹਨ, ਓਥੇ ਪਸ਼ੂ ਖੁਰਾਕ, ਖਾਦ/ਕੀਟਨਾਸ਼ਕਾਂ ਦੀ ਵਿਕਰੀ, ਸਰੋਂ ਦੇ ਤੇਲ ਦੇ ਯੂਨਿਟ, ਪਸ਼ੂ ਪਾਲਣ ਆਦਿ ਕਿੱਤਿਆਂ ਨਾਲ ਉੱਦਮੀ ਬਣੀਆਂ ਹਨ।

ਜ਼ਿਲ੍ਹਾ ਬਰਨਾਲਾ ਵਿੱਚ ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਦੇ ਉੱਦਮ ਸਦਕਾ ਗ੍ਰਾਂਟ ਥਾਰਨਟਨ ਭਾਰਤ ਐਲ ਐਲ ਪੀ ਅਤੇ ਐਚਡੀਐਫਸੀ ਦੇ ਸਹਿਯੋਗ ਨਾਲ ਸਾਲ 2022 ਵਿੱਚ ਪ੍ਰੋਜੈਕਟ ਸਟ੍ਰੀ (ਸੋਸ਼ਲ ਟਰਾਂਸਫਾਰਮੇਟਿਵ ਰੂਰਲ ਇਕਨੌਮਿਕ ਐਮਪਾਵਰਮੈਂਟ) ਸ਼ੁਰੂ ਕੀਤਾ ਗਿਆ ਸੀ, ਜਿਸ ਤਹਿਤ ਜ਼ਿਲ੍ਹੇ ਵਿੱਚ 4 ਮਹਿਲਾ ਕਿਸਾਨ ਉਤਪਾਦਕ ਕੰਪਨੀਆਂ (ਐਫਪੀਸੀ) ਬਣਾਈਆਂ ਗਈਆਂ ਤੇ ਹਰ ਇੱਕ ਕੰਪਨੀ ਵਿੱਚ 500 ਤੋਂ ਵੱਧ ਸ਼ੇਅਰਧਾਰਕ ਔਰਤਾਂ ਹਨ, ਜਿਸ ਨਾਲ ਬਰਨਾਲਾ ਜ਼ਿਲ੍ਹੇ ਵਿੱਚ 5000 ਤੋਂ ਵੱਧ ਔਰਤਾਂ ਮਹਿਲਾ ਕਿਸਾਨ ਉਤਪਾਦਕ ਕੰਪਨੀਆਂ ਨਾਲ ਜੁੜੀਆਂ ਹਨ। ਚੜ੍ਹਦੀ ਕਲਾ ਮਹਿਲਾ ਕਿਸਾਨ ਉਤਪਾਦਕ ਕੰਪਨੀ ਦੀ ਬੋਰਡ ਆਫ ਡਾਇਰੈਕਟਰ ਬਣੀ 27 ਸਾਲਾ ਲੜਕੀ ਕੁਲਵਿੰਦਰ ਕੌਰ ਵਾਸੀ ਕੋਟਦੁੰਨਾ ਨੇ ਦੱਸਿਆ ਕਿ ਉਨ੍ਹਾਂ ਨੇ ਮਾਰਚ 2023 ਵਿੱਚ ਆਪਣੀ ਕੰਪਨੀ ਰਜਿਸਟਰਡ ਕਰਵਾਈ ਸੀ ਤੇ ਆਸ-ਪਾਸ ਦੀਆਂ 500 ਤੋਂ ਵੱਧ ਔਰਤਾਂ ਇਸ ਕੰਪਨੀ ਨਾਲ ਜੁੜੀਆਂ ਹਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਲਾਇਸੈਂਸ ਲੈ ਕੇ ਪਿੰਡ ਵਿੱਚ ਹੀ ਪਸ਼ੂ ਖੁਰਾਕ ਦੀ ਦੁਕਾਨ ਸ਼ੁਰੂ ਕੀਤੀ ਹੈ ਤੇ ਜਿਸ ਵਾਸਤੇ ਉਨ੍ਹਾਂ ਨੂੰ ਦੁਕਾਨ ਦਾ ਕਿਰਾਇਆ, ਫਰਨੀਚਰ, ਵਿਕਰੀ ਕਰਨ ਵਾਲੇ ਦੀ ਤਨਖਾਹ, ਲੈਪਟਾਪ ਆਦਿ ਸਹੂਲਤਾਂ ਮੁਫ਼ਤ ਦਿੱਤੀਆਂ ਗਈਆਂ ਹਨ ਤੇ ਉਹ ਆਪਣਾ ਇਹ ਕਾਰੋਬਾਰ ਸਫ਼ਲਤਾ ਪੂਰਵਕ ਚਲਾ ਰਹੇ ਹਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਪਹਿਲਾਂ ਵੱਖ ਵੱਖ ਕਿੱਤਿਆਂ ਬਾਰੇ ਮੁਫ਼ਤ ਸਿਖਲਾਈ ਵੀ ਦਿੱਤੀ ਗਈ।

ਇਸੇ ਤਰ੍ਹਾਂ ਨਮੋ ਡਰੋਨ ਦੀਦੀ ਸਕੀਮ ਤਹਿਤ ਜ਼ਿਲ੍ਹੇ ਦੇ ਪਿੰਡ ਸੇਖਾ ਅਤੇ ਅਸਪਾਲ ਕਲਾਂ ਦੀਆਂ ਔਰਤਾਂ ਡਰੋਨ ਪਾਇਲਟ ਬਣੀਆਂ ਹਨ। ਇਸ ਤਹਿਤ ਕਿਰਨਪਾਲ ਕੌਰ ਅਤੇ ਪਰਨੀਤ ਕੌਰ ਨੂੰ ਟ੍ਰੇਨਿੰਗ ਦਿੱਤੀ ਗਈ ਹੈ, ਜਿਨ੍ਹਾਂ ਨੇ ਦੱਸਿਆ ਕਿ ਨੈਨੋ ਯੂਰੀਆ ਦੇ ਫ਼ਸਲੀ ਛਿੜਕਾਅ ਲਈ ਉਨ੍ਹਾਂ ਨੂੰ ਮੁਫ਼ਤ ਡਰੋਨ ਦਿੱਤੇ ਗਏ ਹਨ, ਜਿੰਨਾ ਨਾਲ ਇਹ ਆਸ ਪਾਸ ਦੇ ਪਿੰਡਾਂ ਚ ਫਸਲਾਂ ਤੇ ਛਿੜਕਾਅ ਕਰਦੇ ਹਨ ਤੇ ਚੰਗੀ ਕਮਾਈ ਕਰ ਰਹੇ ਹਨ। ਇਸ ਮੌਕੇ ਮਨਪ੍ਰੀਤ ਸਿੰਘ (ਮੈਨੇਜਰ ਗ੍ਰਾਂਟ ਥਾਰਨਟਨ ਭਾਰਤ ਐਲ ਐਲ ਪੀ) ਨੇ ਦੱਸਿਆ ਕਿ ਬਰਨਾਲਾ ਜ਼ਿਲ੍ਹੇ ਵਿੱਚ 4 ਮਹਿਲਾ ਕਿਸਾਨ ਉਤਪਾਦਕ ਕੰਪਨੀਆਂ ਸਿੱਧਭੋਈ ਮਹਿਲਾ ਕਿਸਾਨ ਉਤਪਾਦਕ ਕੰਪਨੀ ਲਿਮਟਿਡ, ਪਿੰਡ ਭੋਤਨਾ ਵਿੱਚ ਮਾਤਾ ਭਾਗੋ ਵੂਮੈਨ ਫਾਰਮਰ ਪ੍ਰੋਡਿਊਸਰ ਕੰਪਨੀ ਲਿਮਟਿਡ (ਬਰਨਾਲਾ ਬਲਾਕ), ਸ਼ਹਿਣਾ ਬਲਾਕ ਵਿੱਚ ਸਾਡੀ ਧਰਤੀ ਫਾਰਮਰ ਪ੍ਰੋਡਿਊਸਰ ਕੰਪਨੀ ਲਿਮਟਿਡ ਤੇ ਕੋਟਦੁੰਨਾ ਚ ਚੜ੍ਹਦੀ ਕਲਾ ਫਾਰਮਰ ਪ੍ਰੋਡਿਊਸਰ ਕੰਪਨੀ ਚੱਲ ਰਹੀ ਹੈ।




ਇਸ ਮੌਕੇ ਪੰਧੇਰ ਵਾਸੀ ਮਨਜੀਤ ਕੌਰ ਅਤੇ ਸਰਬਜੀਤ ਕੌਰ ਨੇ ਦੱਸਿਆ ਕਿ ਉਨ੍ਹਾਂ ਨੂੰ ਸਟ੍ਰੀ ਤਹਿਤ ਪਸ਼ੂ ਪਾਲਣ ਤੇ ਖੁੰਭ ਕਾਸ਼ਤ ਦੀ ਟ੍ਰੇਨਿੰਗ ਦਿੱਤੀ ਗਈ ਅਤੇ ਬਾਹਰਲੇ ਦੇਸ਼ਾਂ ਤੋਂ ਆਏ ਮਾਹਿਰਾਂ ਨੇ ਆਪਣੇ ਤਜਰਬੇ ਦੱਸੇ ਜਿਨ੍ਹਾਂ ਨੂੰ ਅਪਣਾ ਕੇ ਓਹ ਪਸ਼ੂ ਪਾਲਣ ਨਾਲ ਜੁੜ ਕੇ ਬਿਹਤਰ ਮੁਨਾਫ਼ਾ ਲੈ ਰਹੇ ਹਨ।

# ਸੰਭਵ ਵੈਲਫੇਅਰ ਫਾਊਂਡੇਸ਼ਨ ਟਰੱਸਟ ਨੇ ਮਹਾਰਿਸ਼ੀ ਦਯਾਨੰਦ ਪਬਲਿਕ ਸਕੂਲ ਨੂੰ ਪੱਖੇ ਦਾਨ ਕੀਤੇ




ਅਮੂਲਯਾ, ਚੰਡੀਗੜ੍ਹ (ਲੋਕ ਬਾਣੀ) ਸੰਭਵ ਵੈਲਫੇਅਰ ਫਾਊਂਡੇਸ਼ਨ ਟਰੱਸਟ ਨੇ ਮਹਾਰਿਸ਼ੀ ਦਯਾਨੰਦ ਪਬਲਿਕ ਸਕੂਲ, ਐਮ.ਡੀ.ਏ.ਵੀ ਭਵਨ, ਦਰੀਆ, ਚੰਡੀਗੜ੍ਹ ਨੂੰ ਕਲਾਸਰੂਮਾਂ ਲਈ ਪੱਖੇ ਦਾਨ ਕੀਤੇ। ਇਹ ਪੱਖੇ ਮੈਨੇਜਿੰਗ ਟਰੱਸਟੀ ਪੁਸ਼ਪਾ ਸਿੰਗਲਾ ਦੀ ਪ੍ਰਧਾਨਗੀ ਹੇਠ ਅਤੇ ਐਨ.ਜੀ.ਓ ਮੈਂਬਰਾਂ ਸੰਜੀਵ ਗੋਇਲ, ਸੁਨੀਤਾ ਪਰਾਸ਼ਰ, ਮੁਨਿੰਦਰਾ ਸਿੰਗਲਾ, ਅਸ਼ਵਨੀ ਮਿੱਤਲ ਅਤੇ ਅਭਿਸ਼ੇਕ ਸਿੰਗਲਾ ਦੀ ਹਾਜ਼ਰੀ ਵਿੱਚ ਦਿੱਤੇ ਗਏ। ਉਨ੍ਹਾਂ ਸਕੂਲ ਦਾ ਦੌਰਾ ਕੀਤਾ ਅਤੇ ਭਵਿੱਖ ਵਿੱਚ ਵੀ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਡਾ: ਵਿਨੋਦ ਸ਼ਰਮਾ ਨੇ ਸੰਭਵ ਵੈਲਫੇਅਰ ਫਾਊਂਡੇਸ਼ਨ ਟਰੱਸਟ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਸ ਨੇ ਪੇਂਡੂ ਖੇਤਰਾਂ ਵਿੱਚ ਮਿਆਰੀ ਸਿੱਖਿਆ ਪ੍ਰਦਾਨ ਕਰਨ ਵਿੱਚ ਆਪਣਾ ਯੋਗਦਾਨ ਪਾਉਣ ਲਈ ਹੱਥ ਵਧਾਇਆ ਹੈ। ਸਕੂਲ ਦੀ ਤਰਜੀਹ ਬੱਚਿਆਂ ਦੇ ਉੱਜਵਲ ਭਵਿੱਖ ਲਈ ਸਰਵਪੱਖੀ ਵਿਕਾਸ ਤੇ ਜ਼ੋਰ ਦੇਣਾ ਹੈ। ਸੰਭਵ ਵੈਲਫੇਅਰ ਫਾਊਂਡੇਸ਼ਨ ਟਰੱਸਟ ਦੀ ਮੈਨੇਜਿੰਗ ਟਰੱਸਟੀ ਪੁਸ਼ਪਾ ਸਿੰਘਰੋਹਾ ਨੇ ਪ੍ਰਬੰਧਕਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪੇਂਡੂ ਖੇਤਰਾਂ ਵਿੱਚ ਸਿੱਖਿਆ ਪ੍ਰਦਾਨ ਕਰਨਾ ਇੱਕ ਚੁਣੌਤੀਪੂਰਨ ਕਾਰਜ ਹੈ। ਉਨ੍ਹਾਂ ਕਿਹਾ ਕਿ ਇਸ ਨੇਕ ਕਾਰਜ ਵਿੱਚ ਉਹ ਹਮੇਸ਼ਾ ਉਨ੍ਹਾਂ ਦੇ ਨਾਲ ਹਨ।

# ਕਾਨਪੁਰ ਪੁਲਿਸ ਇੱਕ ਨਾਬਾਲਗ ਲੜਕੀ ਨਾਲ ਬਲਾਤਕਾਰ ਦੇ ਦੋਸ਼ ਵਿੱਚ ਤਿੰਨ ਨਾਬਾਲਗਾਂ ਨੂੰ ਜੇਲ੍ਹ ਭੇਜਣ ਦੀ ਤਿਆਰੀ ਕਰ ਰਹੀ ਹੈ

## ਆਪਣੀ ਭੈਣ ਦੇ ਘਰ ਆਈ ਇਕ ਨਾਬਾਲਗ ਲੜਕੀ ਨੂੰ ਅਗਵਾ ਕਰਕੇ ਉਨਾਓ ਲਿਜਾ ਕੇ ਸਮੂਹਿਕ ਬਲਾਤਕਾਰ ਕੀਤਾ ਗਿਆ

ਕਾਨਪੁਰ(ਸੁਨੀਲ ਬਾਜਪਾਈ) ਮੋਬਾਈਲ ਤੇ ਪੋਰਨ ਦੇਖਣ ਦੀ ਆਦਤ ਨੇ ਹੁਣ ਨਾਬਾਲਗਾਂ ਅਤੇ ਕਿਸ਼ੋਰਾਂ ਨੂੰ ਵੀ ਵਾਸਨਾ ਦੀ ਦਲਦਲ ਚ ਡੁਬੋ ਦਿੱਤਾ ਹੈ, ਜਿਸ ਕਾਰਨ ਉਹ ਸਮੂਹਿਕ ਬਲਾਤਕਾਰ ਵਰਗੀਆਂ ਘਟਨਾਵਾਂ ਨੂੰ ਅੰਜਾਮ ਦੇ ਰਹੇ ਹਨ।

ਅਜਿਹੀ ਹੀ ਇੱਕ ਘਟਨਾ ਮਹਾਰਾਜਪੁਰ ਥਾਣਾ ਖੇਤਰ ਦੀ ਹੈ, ਜਿੱਥੇ ਆਪਣੀ ਭੈਣ ਦੇ ਘਰ ਆਈ ਨਾਬਾਲਿਗ ਲੜਕੀ ਨੂੰ ਅਗਵਾ ਕਰਨ ਤੋਂ ਬਾਅਦ ਤਿੰਨ ਨਾਬਾਲਗ ਲੜਕੇ ਉਸ ਨੂੰ ਉਨਾਓ ਲੈ ਗਏ ਅਤੇ ਉਸ ਨਾਲ ਸਮੂਹਿਕ ਬਲਾਤਕਾਰ ਕੀਤਾ। ਮਾਂ ਵੱਲੋਂ ਦਰਜ ਕਰਵਾਈ ਰਿਪੋਰਟ ਤੋਂ ਬਾਅਦ ਪੁਲਿਸ ਨੇ ਤਿੰਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਜਿਸ ਤੋਂ ਬਾਅਦ ਉਨ੍ਹਾਂ ਨੂੰ ਜੇਲ੍ਹ ਭੇਜਣ ਦੀ ਤਿਆਰੀ ਕੀਤੀ ਜਾ ਰਹੀ ਹੈ।

ਪੁਲਿਸ ਨੂੰ ਕੀਤੀ ਰਿਪੋਰਟ ਅਨੁਸਾਰ ਏ ਇੱਥੇ ਪੀੜਤਾ ਆਪਣੀ ਭੈਣ ਦੇ ਘਰ ਆਈ ਹੋਈ ਸੀ। ਇਸ ਦੌਰਾਨ ਜਦੋਂ ਉਹ ਕਿਸੇ ਕੰਮ ਲਈ ਘਰੋਂ ਬਾਹਰ ਨਿਕਲੀ ਤਾਂ ਬਾਈਕ ਸਵਾਰ ਮੁਲਜ਼ਮਾਂ ਨੇ ਉਸ ਨੂੰ ਅਗਵਾ ਕਰ ਲਿਆ। ਦੋਸ਼ੀ ਲੜਕੀ ਨੂੰ ਉਨਾਵ ਲੈ ਗਏ ਅਤੇ ਉੱਥੇ ਤਿੰਨਾਂ ਨੇ ਉਸ ਨਾਲ ਸਮੂਹਿਕ ਬਲਾਤਕਾਰ ਕੀਤਾ। ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਦੋਸ਼ੀ ਲੜਕੀ ਨੂੰ ਬੇਹੋਸ਼ੀ ਦੀ ਹਾਲਤ ਚ ਛੱਡ ਕੇ ਫਰਾਰ ਹੋ ਗਿਆ।

ਇਧਰ ਬੇਟੀ ਦੇ ਲਾਪਤਾ ਹੋਣ ਤੋਂ ਬਾਅਦ ਪਰਿਵਾਰ ਵਾਲਿਆਂ ਨੇ ਪਿੰਡ ਚ ਲੜਕੀ ਦੀ ਭਾਲ ਸ਼ੁਰੂ ਕਰ ਦਿੱਤੀ।

ਇਸ ਦੌਰਾਨ ਲੜਕੀ ਨੇ ਕਿਸੇ ਤਰ੍ਹਾਂ ਆਪਣੇ ਪਰਿਵਾਰ ਨੂੰ ਫੋਨ ਤੇ ਘਟਨਾ ਦੀ ਜਾਣਕਾਰੀ ਦਿੱਤੀ। ਇਸ ਤੋਂ ਬਾਅਦ ਪੁਲਸ ਨੇ ਮਾਂ ਦੇ ਖਿਲਾਫ ਮਾਮਲਾ ਦਰਜ ਕਰ ਲਿਆ ਅਤੇ ਤਿੰਨੋਂ ਲੜਕਿਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਪੁਲਿਸ ਨੇ ਦੱਸਿਆ ਕਿ ਪੁੱਛਗਿੱਛ ਦੇ ਖੁਲਾਸੇ ਦੇ ਆਧਾਰ ਤੇ ਤਿੰਨਾਂ ਨੂੰ ਜੇਲ੍ਹ ਭੇਜਣ ਦੀ ਤਿਆਰੀ ਕੀਤੀ ਜਾ ਰਹੀ ਹੈ।

# ਵਿਆਹੁਤਾ ਨਾਲ ਕੁੱਟ ਮਾਰ ਕਰਨ ਤੇ ਮੁਕਦਮਾ ਦਰਜ

ਸ੍ਰੀ ਅਨੰਦਪੁਰ ਸਾਹਿਬ, (ਦਵਿੰਦਰਪਾਲ ਸਿੰਘ): ਸ੍ਰੀ ਅਨੰਦਪੁਰ ਸਾਹਿਬ ਪੁਲਿਸ ਵੱਲੋਂ ਵਿਆਹੁਤਾ ਔਰਤ ਨਾਲ ਕੁੱਟਮਾਰ ਕਰਨ ਦੇ ਦੋਸ਼ ਵਿੱਚ ਉਸ ਦੇ ਪਤੀ ਖਿਲਾਫ ਮੁਕਦਮਾ ਦਰਜ ਕੀਤਾ ਗਿਆ ਹੈ ਇਸ ਸਬੰਧੀ ਜਾਣਕਾਰੀ ਦਿੰਦਿਆਂ ਤਫਤੀਸ਼ੀ ਅਫਸਰ ਦਲਜੀਤ ਸਿੰਘ ਨੇ ਦੱਸਿਆ ਕਿ ਰੁਬੀਨਾ ਖਾਤੂਨ ਪੁੱਤਰੀ ਹਾਮੀਦ ਹੁਸੈਨ ਵਾਸੀ ਪਿੰਡ ਮਾਂਗੇਵਾਲ ਥਾਣਾ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਮੁਹੰਮਦ ਇਰਸ਼ਾਦ ਪੁੱਤਰ ਮੁਹੰਮਦ ਉਮਰ ਵਾਸੀ ਖੜਕਾ ਰੋਡ ਪੱਟੀ ਬਾਰੂ ਮੁਹੱਲਾ ਗੁਰਸਾਈਆਨ ਬਾਰੁਟ ਬਾਗਪਤ ਉਤਰ ਪ੍ਰਦੇਸ਼ ਤੇ ਦੋਸ਼ ਲਗਾਇਆ ਕਿ ਉਸਦੇ ਘਰਵਾਲੇ ਵਲੋਂ ਉਸਦੀ ਕੁੱਟ ਮਾਰ ਕਰਨ ਅਤੇ ਘਰ ਤੋਂ ਬਾਹਰ ਕਢਣ ਸਬੰਧੀ ਦਫਤਰ ਸੀਨੀਅਰ ਕਪਤਾਨ ਪੁਲਿਸ ਰੂਪਨਗਰ ਨੂੰ ਦੇ ਦਿੱਤੀ ਸੀ ਜੋ ਡੀ.ਐਸ.ਪੀ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਨੇ ਆਪਣੀ ਪੜਤਾਲ ਵਿੱਚ ਪਾਇਆ ਹੈ ਕਿ ਦਰਖਾਸਤ ਕਰਤਾ ਦਾ ਵਿਆਹ ਸਾਲ 2008 ਵਿੱਚ ਮੁਹੰਮਦ ਇਰਸ਼ਾਦ ਪੁੱਤਰ ਮੁਹੰਮਦ ਉਮਰ ਨਾਲ ਹੋਇਆ ਸੀ। ਵਿਆਹ ਤੋਂ ਬਾਅਦ ਹੀ ਆਪਣੀ ਪਤਨੀ ਨੂੰ ਤੰਗ ਪ੍ਰੇਸ਼ਾਨ ਕਰਨ ਲੱਗ ਪਿਆ ਸੀ ਜਿਸ ਸਬੰਧੀ ਪਹਿਲਾ ਵੀ ਉਹਨਾ ਦੇ ਜੁਬਾਨੀ ਤਰ ਤੇ ਆਪਸੀ ਕਈ ਸਮਝੌਤੇ ਹੋਏ ਸਨ ਪਰ ਹੁਣ ਰੂਬੀਨਾ ਦੇ ਪਤੀ ਨੇ ਉਸ ਨਾਲ ਕੁੱਟ ਮਾਰ ਕਰਕੇ ਆਪਣੇ ਘਰ ਤੋ ਬਾਹਰ ਕੱਢ ਦਿਤਾ ਸੀ। ਰੂਬੀਨਾ ਆਪਣੇ ਬੱਚਿਆ ਦੇ ਸਮੇਤ ਆਪਣੇ ਪਿਤਾ ਦੇ ਘਰ ਪਿੰਡ ਮਾਂਗੇਵਾਲ ਵਿਖੇ ਰਹਿ ਰਹੀ ਹੈ । ਉਹਨਾਂ ਦੋਸ਼ ਲਗਾਇਆ ਕਿ ਉਸ ਦਾ ਪਤੀ ਨਾ ਹੀ ਉਸਨੂੰ ਕਿਸੇ ਪ੍ਰਕਾਰ ਦਾ ਕੋਈ ਖਰਚਾ ਵਗੇਰਾ ਦਿੰਦਾ ਹੈ ।ਜਿਸ ਸਬੰਧੀ ਧਾਰਾ 498 ਏ ਤਹਿਤ ਮੁਕੰਦਮਾ ਦਰਜ ਕਰਵਾਇਆ ਗਿਆ ਉਹਨਾਂ ਦੱਸਿਆ ਕਿ ਕਥਿਤ ਦੋਸ਼ੀ ਦੀ ਗ੍ਰਿਫਤਾਰੀ ਅਜੇ ਬਾਕੀ ਹੈ।

### ਵਿਆਹ ਨੂੰ ਹੋ ਗਏ ਹਨ 17 ਸਾਲ-: ਹਾਮਿਦ ਹੁਸੈਨ।

ਇਸ ਸਬੰਧੀ ਗੱਲ ਕਰਨ ਤੇ ਰੂਬੀਨਾ ਦੇ ਪਿਤਾ ਹਾਮਿਦ ਹੁਸੈਨ ਨੇ ਦੱਸਿਆ ਕਿ ਉਸ ਦੀ ਬੇਟੀ ਦੇ ਵਿਆਹ ਨੂੰ 17 ਸਾਲ ਦੇ ਕਰੀਬ ਹੋ ਚੱਲੇ ਹਨ ਪਹਿਲਾਂ ਚਾਰ ਪੰਜ ਸਾਲ ਸਾਰਾ ਕੁਝ ਠੀਕ ਰਿਹਾ ਪਰ ਬਾਅਦ ਵਿੱਚ ਮੇਰੀ ਲੜਕੀ ਨੂੰ ਤੰਗ ਪਰੇਸ਼ਾਨ ਕੀਤਾ ਜਾਨ ਲੱਗ ਪਿਆ ਉਹਨਾਂ ਦੱਸਿਆ ਕਿ ਕੁੱਲ ਚਾਰ ਬੱਚੇ ਹਨ ਜਿਹਨਾਂ ਚੋਂ ਇੱਕ ਬੇਟਾ ਤਿੰਨ ਬੇਟੀਆਂ ਹਨ ।ਵੱਡੀ ਬੇਟੀ ਦੀ ਉਮਰ 14 ਸਾਲ ਦੇ ਕਰੀਬ ਹੈ। ਜਦੋਂ ਕਿ ਛੋਟੀ ਲੜਕੀ ਚਾਰ ਸਾਲ ਦੇ ਕਰੀਬ ਹੈ। ਉਹਨਾਂ ਨੇ ਦੱਸਿਆ ਕਿ ਮੇਰੀ ਬੇਟੀ ਤਿੰਨ ਸਾਲ ਤੋਂ ਘਰ ਵਿੱਚ ਹੀ ਬੈਠੀ ਹੈ ਉਹਨਾਂ ਕਿਹਾ ਮੇਰੀ ਬੇਟੀ ਨੂੰ ਇਨਸਾਫ ਦਵਾਇਆ ਜਾਵੇ।

# ਸਵੇਰੇ 07:00 ਵਜੇ ਤੋਂ ਰਾਤ 09:00 ਵਜੇ ਤੱਕ ਨਵਾਂਸ਼ਹਿਰ ਵਿਚੋਂ ਓਵਰਲੋਡ ਹੈਵੀ ਵਾਹਨਾਂ ਦੇ ਲੰਘਣ/ਦਾਖਲ ਹੋਣ 'ਤੇ ਪਾਬੰਦੀ: ਜ਼ਿਲ੍ਹਾ ਮੈਜਿਸਟਰੇਟ

ਸਹੀਦ ਭਗਤ ਸਿੰਘ ਨਗਰ (ਰਮੇਸ ਸਰਮਾ/ ਮਨਪ੍ਰੀਤ ਵਾਸੂ) ਜ਼ਿਲ੍ਹਾ ਮੈਜਿਸਟਰੇਟ ਨਵਜੋਤ ਪਾਲ ਸਿੰਘ ਰੰਧਾਵਾ ਨੇ ਫੌਜਦਾਰੀ ਜਾਬਤਾ ਸੰਘਤਾ 1973 (1974 ਦਾ ਐਕਟ-2) ਦੀ ਧਾਰਾ 144 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆ ਹੋਇਆ ਸ਼ਹਿਰ ਨਵਾਂਸ਼ਹਿਰ ਵਿਚੋਂ ਸਮਾਂ ਸਵੇਰੇ 07:00 ਵਜੇ ਤੋਂ ਰਾਤ 09:00 ਵਜੇ ਤੱਕ ਓਵਰਲੋਡਡ ਹੈਵੀ ਵਾਹਨਾਂ (ਬੱਜਰੀ, ਸੀਮਿੰਟ, ਰੇਤ, ਮਿੱਟੀ, ਸਰੀਆ, ਓਵਰਲੋਡਡ ਤੂੜੀ/ਫੱਕ ਵਾਲੀਆਂ ਟਰਾਲੀਆਂ/ਟਰੱਕ, ਕਮਰਸ਼ੀਅਲ ਤੌਰ ਤੇ ਜਾਣ ਵਾਲਾ ਸਮਾਨ ਆਦਿ) ਨੂੰ ਲੰਘਣ/ ਦਾਖਲ ਹੋਣ 'ਤੇ ਪਾਬੰਦੀ ਲਗਾ ਦਿੱਤੀ ਹੈ। ਜ਼ਿਲ੍ਹਾ ਮੈਜਿਸਟਰੇਟ ਨੇ ਦੱਸਿਆ ਹੈ ਕਿ ਜ਼ਿਲ੍ਹੇ ਵਿੱਚੋਂ ਗੜ੍ਹਸ਼ੰਕਰ-ਨਵਾਂਸ਼ਹਿਰ ਰੋਡ ਤੋਂ ਰੋਜ਼ਾਨਾ ਦਿਨ ਅਤੇ ਰਾਤ ਸਮੇਂ ਓਵਰਲੋਡਡ ਵਾਹਨਾਂ ਦਾ ਆਉਣਾ-ਜਾਣਾ ਲੱਗਿਆ ਰਹਿੰਦਾ ਹੈ।ਜਿਸ ਕਾਰਨ ਸਵੇਰ ਸਮੇਂ ਸਕੂਲ ਜਾ ਰਹੇ ਬੱਚਿਆਂ ਅਤੇ ਦਫ਼ਤਰ ਜਾ ਰਹੇ ਮੁਲਾਜਮਾ/ਪ੍ਰਾਈਵੇਟ ਵਿਅਕਤੀਆਂ ਨੂੰ ਕਾਫ਼ੀ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਰੋਜ਼ਾਨਾ ਕੋਈ ਨਾ ਕੋਈ ਵੱਡਾ ਹਾਦਸਾ ਵਾਪਰ ਜਾਂਦਾ ਹੈ। ਜਿਸ ਨਾਲ ਜਾਨੀ ਅਤੇ ਮਾਲੀ ਨੁਕਸਾਨ ਹੋ ਸਕਦਾ ਹੈ ਅਤੇ ਟ੍ਰੈਫਿਕ ਸਮੱਸਿਆ ਬਣੀ ਰਹਿੰਦੀ ਹੈ। ਇਸ ਲਈ ਰੋਜ਼ਾਨਾ ਵਾਪਰਨ ਵਾਲੇ ਹਾਦਸਿਆਂ ਨੂੰ ਰੋਕਣ ਲਈ, ਪਬਲਿਕ ਦੇ ਜਾਨ ਤੇ ਮਾਲ ਨੂੰ ਨੁਕਸਾਨ ਤੋਂ ਬਚਾਉਣ ਅਤੇ ਸ਼ਹਿਰ ਵਿੱਚ ਟ੍ਰੈਫਿਕ ਨਿਰਵਿਘਨ ਅਤੇ ਸੁਚਾਰੂ ਢੰਗ ਨਾਲ ਚਲਾਉਣ ਲਈ ਉਕਤ ਹੁਕਮ ਲਾਗੂ ਕੀਤਾ ਗਿਆ ਹੈ। ਇਹ ਹੁਕਮ 7 ਸਤੰਬਰ 20 24 ਤੱਕ ਲਾਗੂ ਰਹੇਗਾ।

# ਸੇਵਕ ਸਭਾ ਵੱਲੋਂ ਚਲਾਏ ਸਫਾਈ ਅਭਿਆਨ ਦੌਰਾਨ ਭਬਾਤ ਸਟੇਡੀਅਮ ਦੀ ਸਫਾਈ ਕੀਤੀ ਗਈ

ਜ਼ੀਰਕਪੁਰ (ਲੋਕ ਬਾਣੀ)
ਸੇਵਕ ਸਭਾ , ਅਨੰਤਾ ਐਸਪਾਇਰ ਅਤੇ ਹੋਰ ਦੂਜੀਆਂ ਸਮਾਜਿਕ ਸੰਸਥਾਵਾਂ ਵੱਲੋਂ ਨਗਰ ਕੌਂਸਲ ਦੇ ਸਹਿਯੋਗ ਨਾਲ ਇਸ ਮਹੀਨੇ ਦੀ ਤਿੰਨ ਤਰੀਕ ਤੋਂ ਆਰੰਭ ਕੀਤੇ ਸਫਾਈ ਅਭਿਆਨ ਦੌਰਾਨ ਅੱਜ ਵਾਰਡ ਇੰਚਾਰਜ ਸ਼੍ਰੀ ਸੁਭਾਸ਼ ਗੋਇਲ ਜੀ ਦੀ ਪ੍ਰਧਾਨਗੀ ਹੇਠ ਉਹਨਾਂ ਵੱਲੋਂ ਨਿਯੁਕਤ ਸੁਸਾਇਟੀ ਇੰਚਾਰਜ ਅਤੇ ਉਹਨਾਂ ਦੀ ਪੂਰੀ ਟੀਮ ਵੱਲੋਂ ਪੂਰੇ ਉਤਸਾਹ ਨਾਲ ਭਬਾਤ ਸਟੇਡੀਅਮ ਦੀ ਸਫਾਈ ਕੀਤੀ ਗਈ , ਜਿੱਥੋਂ ਕੂੜਾ ਕਰਕਟ ਦੇ ਨਾਲ ਪਲਾਸਟਿਕ ਦੀਆਂ ਵਸਤੂਆਂ , ਲਿਫਾਫਿਆਂ ਆਦਿ ਨੂੰ ਇਕੱਤਰ ਕਰਕੇ ਸਟੇਡੀਅਮ ਨੂੰ ਪਲਾਸਟਿਕ ਮੁਕਤ ਕੀਤਾ ਗਿਆ । ਇਸ ਸਫਾਈ ਅਭਿਆਨ ਦੌਰਾਨ ਜਿੱਥੇ ਸਥਾਨਕ ਨਗਰ ਕੌਂਸਲ ਦੇ ਕਾਰਜ ਸਾਧਕ ਅਫਸਰ ਸ਼੍ਰੀ ਅਸ਼ੋਕ ਪਥਰੀਆ ਦੀ ਅਗਵਾਈ ਹੇਠ ਸਫਾਈ ਸੇਵਕਾਂ ਦੀ ਟੀਮ ਭਰਪੂਰ ਸਹਿਯੋਗ ਦੇ ਰਹੀ ਹੈ ਉੱਥੇ ਇਨਰ ਵ੍ਹੀਲ ਕਲੱਬ ਜ਼ੀਰਕਪੁਰ ,ਭਾਰਤ ਵਿਕਾਸ ਪਰਿਸ਼ਦ ਢਕੋਲੀ , ਰਘੂਨੰਦਨ ਜੀਵ ਰਕਸ਼ਾ ਦਲ ਅਤੇ ਉਰਵਾ ਸੰਗਠਨ ਢਕੋਲੀ ਦੇ ਮੈਂਬਰਾਂ ਵੱਲੋਂ ਵੀ ਭਰਪੂਰ ਸਹਿਯੋਗ ਦਿੱਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਪੁੱਜੇ ਸ਼੍ਰੀ ਰਾਜਕੁਮਾਰ ਮੱਕੜ ਨੇ ਸੇਵਕ ਸਭਾ ਦੇ ਨਾਲ ਦੂਜੀਆਂ ਸੰਸਥਾਵਾਂ ਦੇ ਇਸ ਉਪਰਾਲੇ ਦੀ ਭਰਪੂਰ ਪ੍ਰਸ਼ੰਸਾ ਕਰਦੇ ਹੋਏ ਸ਼ਹਿਰ ਦੀ ਸਮੁੱਚੀ ਜਨਤਾ ਨੂੰ ਆਪਣੇ ਅੰਦਰ ਸੇਵਾ ਭਾਵ ਲਿਆਉਣ ਲਈ ਪ੍ਰੇਰਿਤ ਕੀਤਾ ਤਾਂ ਕਿ ਜ਼ੀਰਕਪੁਰ ਨੂੰ ਹਰਾ ਭਰਾ ਬਣਾ ਕੇ ਪਲਾਸਟਿਕ ਤੋਂ ਮੁਕਤ ਕਰਕੇ ਇਸ ਦੀ ਕਾਇਆ ਕਲਪ ਕੀਤੀ ਜਾ ਸਕੇ । ਸੇਵਕ ਸਭਾ ਦੇ ਪ੍ਰਧਾਨ ਸ਼੍ਰੀ ਸੰਦੀਪ ਪੂਰਥੀ ਨੇ ਇਸ ਮੌਕੇ ਕਿਹਾ ਕਿ ਪਲਾਸਟਿਕ ਦੇ ਲਿਫਾਫੇ ਅਤੇ ਹੋਰ ਦੂਜੀਆਂ ਵਸਤਾਂ ਦੇ ਸੀਵਰੇਜ ਵਿੱਚ ਸੁੱਟਣ ਨਾਲ ਪਾਣੀ ਦੀ ਨਿਕਾਸੀ ਦੀ ਸਮੱਸਿਆ ਪੈਦਾ ਹੋ ਜਾਂਦੀ ਹੈ ਜਿਸ ਕਾਰਨ ਬਰਸਾਤ ਦੇ ਦਿਨਾਂ ਵਿੱਚ ਸ਼ਹਿਰ ਦੇ ਨੀਵੇਂ ਇਲਾਕਿਆਂ ਵਿੱਚ ਪਾਣੀ ਭਰ ਜਾਂਦਾ ਹੈ ਅਤੇ ਕਈ ਕਲੋਨੀਆਂ ਤੇ ਸੋਸਾਇਟੀਆਂ ਵਿੱਚ ਪੰਜ ਪੰਜ ਛੇ ਫੁੱਟ ਪਾਣੀ ਭਰ ਜਾਣ ਨਾਲ ਲੋਕਾਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ । ਉਹਨਾਂ ਕਿਹਾ ਕਿ ਜਦੋਂ ਤੱਕ ਜ਼ੀਰਕਪੁਰ ਸ਼ਹਿਰ ਨੂੰ ਪਲਾਸਟਿਕ ਮੁਕਤ ਨਹੀਂ ਕਰ ਦਿੱਤਾ ਜਾਂਦਾ ਅਤੇ ਸ਼ਹਿਰ ਅਤੇ ਇਲਾਕੇ ਵਿੱਚ ਇਕ ਲੱਖ ਪੇੜ ਲਗਾਉਣ ਦਾ ਟੀਚਾ ਅਤੇ ਪੰਛੀਆਂ ਲਈ ਆਸ਼ਿਆਨੇ ਵੰਡਣ ਦਾ ਟੀਚਾ ਮੁਕੰਮਲ ਨਹੀਂ ਹੋ ਜਾਂਦਾ , ਇਹ ਅਭਿਆਨ ਜਾਰੀ ਰਹੇਗਾ ।



ANANTA ASPIRE
PBRERA-SAS79-PR0777
सेवक सभा जीरकपुर

# ਡਾ: ਸੀਮਾ ਦਾ ਹੈਰਾਨ ਕਰਨ ਵਾਲਾ ਖੁਲਾਸਾ: ਕੀ ਸ਼ਮਿੰਦਰ ਨੂੰ ਪਤਾ ਲੱਗ ਗਿਆ ਹੈ ਕੀਰਤ ਕਿਸਦੀ ਧੀ ਹੈ ?



(ਲੋਕ ਬਾਣੀ) ਗੁਰਮਨ, ਬਾਬਾ ਜੀ ਨੂੰ ਉਸਦੀ ਮਦਦ ਕਰਨ ਲਈ ਕਹਿੰਦਾ ਹੈ, ਡਾ ਸੀਮਾ, ਸ਼ਮਿੰਦਰ ਨੂੰ ਫ਼ੋਨ ਕਰਦੀ ਹੈ ਅਤੇ ਉਸਨੂੰ ਸੂਚਿਤ ਕਰਦੀ ਹੈ ਕਿ ਉਸਦੀ ਮਾਂ ਉਸਨੂੰ ਮਿਲਣਾ ਚਾਹੁੰਦੀ ਹੈ, ਅਤੇ ਉਹ ਇਹ ਜਾਣ ਕੇ ਹੈਰਾਨ ਰਹਿ ਜਾਂਦਾ ਹੈ ਕਿ ਕੀਰਤ ਉਸਦੀ ਧੀ ਹੈ। ਦਿਲਾਂ ਦੇ ਰਿਸ਼ਤੇ ਦੇ ਅੱਜ ਦੇ ਐਪੀਸੋਡ ਵਿੱਚ ਸ਼ਮਿੰਦਰ ਅਸਿੱਧੇ ਤੌਰ ਤੇ ਪ੍ਰਭ ਨੂੰ ਪੁੱਛਦਾ ਹੈ ਕਿ ਕੀਰਤ ਉਨ੍ਹਾਂ ਦੀ ਧੀ ਹੁੰਦੀ ਤਾਂ ਕੀ ਹੁੰਦਾ। ਅਰਸ਼ਪ੍ਰੀਤ ਨੇ ਸ਼ਮਿੰਦਰ ਨੂੰ ਮਾਰਨ ਦੀ ਕੋਸ਼ਿਸ਼ ਕੀਤੀ।
ਆਖਿਰ ਕੌਣ ਹੈ ਉਹ ਔਰਤ ਜੋ ਸ਼ਮਿੰਦਰ ਨੂੰ ਦੱਸ ਰਹੀ ਹੈ ਸਚਾਈ ? ਕੀ ਕੀਰਤ ਸੱਚ ਵਿੱਚ ਸ਼ਮਿੰਦਰ ਤੇ ਪ੍ਰਭਜੋਤ ਦੀ ਧੀ ਹੈ ? ਦਿਲਾਂ ਦੇ ਰਿਸ਼ਤੇ ਦਾ ਦਿਲਚਸਪ ਐਪੀਸੋਡ ਹਰ ਸੋਮ ਤੋਂ ਸ਼ਨੀਵਾਰ ਸ਼ਾਮ 7:30 ਵਜੇ ਸਿਰਫ ਜ਼ੀ ਪੰਜਾਬੀ ਤੇ ਦੇਖੋ।

# ਅਗਨੀਵੀਰ ਵਾਯੂ ਯੋਜਨਾ ਅਧੀਨ ਭਰਤੀ ਲਈ 28 ਜੁਲਾਈ ਤੱਕ ਕੀਤਾ ਜਾ ਸਕਦੈ ਆਨਲਾਈਨ ਅਪਲਾਈ

ਮੋਗਾ, (ਲੋਕ ਬਾਣੀ)
ਜ਼ਿਲ੍ਹਾ ਰੋਜ਼ਗਾਰ ਉਤਪੱਤੀ ਹੁਨਰ ਵਿਕਾਸ ਅਤੇ ਸਿਖਲਾਈ ਅਫ਼ਸਰ ਮੋਗਾ ਸ਼੍ਰੀਮਤੀ ਡਿੰਪਲ ਥਾਪਰ ਨੇ ਦੱਸਿਆ ਕਿ ਨੌਜਵਾਨਾਂ ਨੂੰ ਸੈਨਾ ਵਿੱਚ ਭਰਤੀ ਕਰਨ ਲਈ ਅਗਨੀਵੀਰ ਵਾਯੂ ਯੋਜਨਾ ਅਧੀਨ ਭਾਰਤੀ ਹਵਾਈ ਸੈਨਾ ਵੱਲੋਂ ਭਰਤੀ ਸ਼ੁਰੂ ਕੀਤੀ ਗਈ ਹੈ। ਇਸ ਭਰਤੀ ਲਈ ਅਣਵਿਵਾਹੀਤ ਲੜਕੇ ਅਤੇ ਲੜਕੀਆਂ 28 ਜੁਲਾਈ 20 24 ਤੱਕ ਆਨਲਾਈਨ ਵੈਬਸਾਈਟ www.agnipathvayu.cdac.in ਤੇ ਅਪਲਾਈ ਕਰ ਸਕਦੇ ਹਨ। ਅਪਲਾਈ ਕਰਨ ਲਈ ਨੌਜਵਾਨਾਂ ਦੀ ਉਮਰ 3 ਜੁਲਾਈ 2004 ਤੋਂ 3 ਜਨਵਰੀ 2008 ਵਿਚਕਾਰ ਹੋਣੀ ਚਾਹੀਦੀ ਹੈ ਅਤੇ 12ਵੀਂ ਜਮਾਤ ਵਿੱਚੋਂ 50 ਫੀਸਦੀ ਅੰਕ ਪ੍ਰਾਪਤ ਹੋਣੇ ਲਾਜ਼ਮੀ ਹਨ। ਇਸ ਤੋਂ ਇਲਾਵਾ ਜਿਹਨਾਂ ਨੌਜਵਾਨਾਂ ਨੇ 10ਵੀਂ ਤੋਂ ਬਾਅਦ 3 ਸਾਲ ਦਾ ਡਿਪਲੋਮਾ ਜਾਂ 2 ਸਾਲਾ ਕੋਈ ਵੋਕੈਸ਼ਨਲ ਕੋਰਸ (ਅੰਗ੍ਰੇਜ਼ੀ, ਫਿਜ਼ੀਕਸ ਅਤੇ ਗਣਿਤ) ਪਾਸ ਕੀਤਾ ਹੈ, ਵੀ ਇਸ ਭਰਤੀ ਲਈ ਅਪਲਾਈ ਕਰ ਸਕਦੇ ਹਨ।
ਸ੍ਰੀਮਤੀ ਡਿੰਪਲ ਥਾਪਰ ਨੇ ਦੱਸਿਆ ਕਿ ਵਧੇਰੇ ਜਾਣਕਾਰੀ ਲਈ ਵਿਭਾਗ ਦੀ ਵੈਬਸਾਈਟ https://agnipathvayu.cdac.in ਤੇ ਜਾਂ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਮੋਗਾ ਦੇ ਸਹਾਇਤਾ ਨੰਬਰ 62392-66860 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਜ਼ਿਲ੍ਹਾ ਬਰਨਾਲਾ ਦੀ ਹੋਈ ਮਹੀਨਾਵਾਰ ਇਕੱਤਰਤਾ




ਬਰਨਾਲਾ (ਸੁਖਵਿੰਦਰ ਸਿੰਘ ਭੰਡਾਰੀ) ਤਰਕਸ਼ੀਲ ਭਵਨ ਬਰਨਾਲਾ ਵਿਖੇ ਸੂਬਾ ਪ੍ਰਧਾਨ ਡਾਕਟਰ ਦਰਸ਼ਨ ਪਾਲ ਦੇ ਦਿਸ਼ਾ ਨਿਰਦੇਸ਼ ਮਹੀਨਾਵਾਰ ਮੀਟਿੰਗ ਹੋਈ ਜਿਸ ਦੀ ਪ੍ਰਧਾਨਗੀ ਸੁਖਦੇਵ ਸਿੰਘ ਜੱਟ ਨੇ ਕੀਤੀ। ਇਸ ਦੌਰਾਨ 21 ਜੁਲਾਈ ਨੂੰ ਜਲੰਧਰ ਵਿਖੇ ਹੋਣ ਵਾਲੀ ਕਨਵੈਨਸ਼ਨ ਦੀ ਤਿਆਰੀ ਸੰਬੰਧੀ ਪਿੰਡਾਂ ਦੀਆਂ ਇਕਾਈਆਂ ਵਿੱਚੋਂ ਵੱਧ ਤੋਂ ਕਿਸਾਨ ਸ਼ਾਮਿਲ ਕਰਨ ਲਈ ਜ਼ੋਰ ਦਿੱਤਾ ਗਿਆ । ਮਨਜੀਤ ਸੂਬਾ ਸੀਨੀਅਰ ਮੀਤ ਪ੍ਰਧਾਨ, ਦਿਲਜੀਤ ਸਿੰਘ ਵਿੱਤ ਸਕੱਤਰ, ਮੋਹਨ ਸਿੰਘ ਮੀਤ ਪ੍ਰਧਾਨ ਰੂੜੇਕੇ ਕਲਾਂ, ਗੁਰਮੇਲ ਸਿੰਘ ਜਵੰਧਾ ਐਡੀਟਰ, ਤਰਸੇਮ ਸਿੰਘ ਐਡੀਟਰ, ਗੁਰਦੀਪ ਸਿੰਘ ਸਹਾਇਕ ਸੱਕਤਰ, ਗੁਰਪ੍ਰੀਤ ਸਿੰਘ ਗੋਪੀ ਰਾਏਸਰ ਪ੍ਰੈੱਸ ਸਕੱਤਰ ਅਤੇ ਰਾਣਾ ਰਣਬੀਰ ਸਿੰਘ ਧਨੌਲਾ, ਲਖਵੀਰ ਸਿੰਘ ਦੁੱਲਮਸਰ ਨੇ ਦੱਸਿਆ ਕੇ ਕੇਂਦਰ ਅਤੇ ਸੂਬਾ ਸਰਕਾਰਾਂ ਨੇ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ ਅਤੇ ਛੋਟੇ ਦੁਕਾਨਦਾਰ ਦਾ ਜਨ ਜੀਵਨ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਫ਼ੌਜਦਾਰੀ ਦੇ ਕਾਨੂੰਨ ਜੋ ਬਿਲ 1ਜੁਲਾਈ ਨੂੰ ਲਾਗੂ ਕੀਤਾ ਹੈ ਲੋਕ ਮਾਰੂ ਕਰਾਰ ਦਿੱਤਾ ਹੈ। ਸੰਯੁਕਤ ਕਿਸਾਨ ਮੋਰਚਾ ਦੀਆਂ ਮੰਨੀਆਂ ਹੋਈਆਂ ਮੰਗਾਂ ਲਾਗੂ ਕੀਤੀਆਂ ਜਾਣ। ਨਵੀਂ ਸਿੱਖਿਆ ਨੀਤੀ ਦਾ ਵਿਰੋਧ ਕੀਤਾ ਗਿਆ। ਇਸ ਮੌਕੇ ਦਰਸ਼ਨਪਾਲ ਸਿੰਘ ਸਾਬਕਾ ਸਰਪੰਚ, ਜਰਨੈਲ ਸਿੰਘ, ਮੇਜਰ ਸਿੰਘ ਜਵੰਧਾ , ਬਿੰਦਰ ਭਦੌੜ, ਜੀਵਨ ਭਦੌੜ, ਗੁਰਜੰਟ ਸਿੰਘ ਥਿੰਦ, ਕਰਨ ਅਵਤਾਰ ਸਿੰਘ, ਚਮਕੌਰ ਸਿੰਘ, ਜਗਤਾਰ ਸਿੰਘ, ਸਵਰਨਜੀਤ ਸਿੰਘ ਧਨੌਲਾ ਆਦਿ ਨੇ ਸ਼ਮੂਲੀਅਤ ਕੀਤੀ।

# ਪ੍ਰਭੂ ਕਿਰਪਾ ਸਹਾਰਾ ਵੈੱਲਫੇਅਰ ਕਲੱਬ ਰਜਿ: ਦੀ ਸਰਬਸੰਮਤੀ ਨਾਲ ਹੋਈ ਚੋਣ




ਬਰਨਾਲਾ, (ਸੁਖਵਿੰਦਰ ਸਿੰਘ ਭੰਡਾਰੀ) ਸਮਾਜ ਸੇਵੀ ਕਾਰਜਾਂ ਨੂੰ ਸਮਰਪਿਤ ਪ੍ਰਭੂ ਕਿਰਪਾ ਸਹਾਰਾ ਵੈਲ.ਫੇਅਰ ਕਲੱਬ (ਰਜਿ) ਬਰਨਾਲਾ ਦੀ ਉੱਘੇ ਕਹਾਣੀਕਾਰ ਪਵਨ ਪਰਿੰਦਾ ਦੀ ਨਿਗਰਾਨੀ ਹੇਠ ਨਵੀਂ ਆਗੂ ਟੀਮ ਚੁਣੀ ਗਈ।

ਪਿਛਲੇ ਕਾਰਜਕਾਲ ਦੌਰਾਨ ਹੋਈਆਂ ਸਮਾਜ ਸੇਵੀ ਗਤੀਵਿਧੀਆਂ ਸੰਬੰਧੀ ਕਾਰਜਕਾਰੀ ਰਿਪੋਰਟ ਤੇ ਲੇਖੇ ਜੋਖੇ ਤੇ ਹੋਈ ਚਰਚਾ ਉਪਰੰਤ ਸਰਬਸੰਮਤੀ ਨਾਲ ਚੋਣ ਕੀਤੀ ਗਈ। ਚੋਣ ਦੌਰਾਨ ਪਵਨ ਪਰਿੰਦਾ ਮੁੜ ਕਲੱਬ ਚੇਅਰਮੈਨ, ਪ੍ਰਵੀਨ ਸਿੰਗਲਾ ਵਾਇਸ ਚੇਅਰਮੈਨ, ਮਹਿੰਦਰ ਸਿੰਘ ਬੰਟੀ ਗਰੋਵਰ ਪ੍ਰਧਾਨ ਦਿਨੇਸ਼ ਸਿੰਗਲਾ ਜਨਰਲ ਸਕੱਤਰ, ਰਾਮਪਾਲ ਸਿੰਗਲਾ ਸਕੱਤਰ, ਸੁਰਿੰਦਰ ਮੋਹਨ ਖਜ਼ਾਨਚੀ ਤੇ ਸੋਨੂੰ ਉੱਪਲ ਪ੍ਰੈੱਸ ਸਕੱਤਰ ਚੁਣੇ ਗਏ। ਨਵੀਂ ਚੁਣੀ ਟੀਮ ਨੇ ਪਹਿਲਾਂ ਉਨ੍ਹਾਂ ਚ ਪ੍ਰਗਟਾਏ ਭਰੋਸੇ ਲਈ ਸਮੂਹ ਮੈਂਬਰਾਨ ਦਾ ਧੰਨਵਾਦ ਕੀਤਾ ਤੇ ਕਲੱਬ ਦੇ ਸਮਾਜ ਸੇਵੀ ਉਦੇਸ਼ਾਂ ਦੀ ਪੂਰਤੀ ਹਿੱਤ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਜੁਟਣ ਦਾ ਅਹਿਦ ਲਿਆ। ਆਪਣੇ ਹਾਲ ਹੀ ਵਿੱਚ ਵਿੱਛੜੇ ਕਲੱਬ ਦੇ ਹੋਣਹਾਰ ਨੌਜਵਾਨ ਮੈਂਬਰ ਉਮੇਸ਼ ਉਰਫ਼ ਹਨੀ ਸੋਹਲ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਵੀ ਭੇਂਟ ਕੀਤੀ। ਫ਼ਿਰ ਆਪਣੇ ਪ੍ਰਸਤਾਵਿਤ ਸਮਾਜ ਸੇਵੀ ਕਾਰਜਾਂ ਬਾਰੇ ਵਿਸਥਾਰਿਤ ਵਿਚਾਰ ਚਰਚਾ ਕੀਤੀ ਤੇ ਜਲਦ ਹੀ ਮਰਹੂਮ ਮੈਂਬਰ ਸੋਹਲ ਦੀ ਯਾਦ ਨੂੰ ਸਮਰਪਿਤ ਇੱਕ ਮੁਫ਼ਤ ਮੈਗਾ ਮੈਡੀਕਲ ਕੈਂਪ ਲਾਉਣ ਦਾ ਫ਼ੈਸਲਾ ਕੀਤਾ।

ਇਸ ਮੌਕੇ ਸਾਬਕਾ ਮੈਨੇਜਰ ਸੁਭਾਸ਼ ਮਿੱਤਲ, ਡਾ.ਰਾਕੇਸ਼ ਕੁਮਾਰ ਸਿੰਗਲਾ, ਸੇਵਕ ਸਿੰਘ ਭੰਮ, ਵੇਦ ਪ੍ਰਕਾਸ਼ ਗਰਗ, ਅਸ਼ਵਨੀ ਜੈਨ, ਰਵੀ ਸ਼ਰਮਾ ਤੇ ਗੋਪਾਲ ਪਾਲੀ ਆਦਿ ਸੀਨੀਅਰ ਮੈਂਬਰ ਹਾਜ਼ਰ ਸਨ।

# ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋ ਨਵੀ ਜੂਡੀਸ਼ੀਅਲ ਕੋਰਟ ਕੰਪਲੈਕਸ, ਸ.ਭ.ਸ ਨਗਰ ਵਿਖੇ ਮੁਫਤ ਆਯੁਰਵੈਦਿਕ ਕੈਂਪ ਲਗਾਇਆ ਗਿਆ




ਸਹੀਦ ਭਗਤ ਸਿੰਘ ਨਗਰ (ਰਮੇਸ ਸਰਮਾ/ਮਨਪ੍ਰੀਤ ਵਾਸੂ) ਮਾਨਯੋਗ ਜਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਸ੍ਰੀਮਤੀ ਪ੍ਰਿਆ ਸੂਦ ਜੀਆਂ ਦੇ ਦਿਸ਼ਾ ਨਿਰਦੇਸ਼ਾ ਤਹਿਤ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਵਲੋ ਜ਼ਿਲ੍ਹਾ ਆਯੁਰਵੈਦਿਕ ਅਤੇ ਯੂਨਾਨੀ ਦਫ਼ਤਰ ਐਸ.ਬੀ.ਐਸ ਨਗਰ ਦੇ ਸਹਿਯੋਗ ਨਾਲ ਨਵੀ ਜੂਡੀਸ਼ੀਅਲ ਕੋਰਟ ਕੰਪਲੈਕਸ, ਸ.ਭ.ਸ ਨਗਰ ਵਿਖੇ ਮੁਫਤ ਆਯੁਰਵੈਦਿਕ ਕੈਂਪ ਲਗਾਇਆ ਗਿਆ। ਇਸ ਕੈਂਪ ਦਾ ਉਦਘਾਟਨ ਜਿਲ੍ਹਾ ਅਤੇ ਸ਼ੈਸਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਸ੍ਰੀਮਤੀ ਪ੍ਰਿਆ ਸੂਦ ਜੀਆਂ ਵੱਲੋ ਕੀਤਾ ਗਿਆ। ਇਸ ਮੁਫਤ ਆਯੁਰਵੈਦਿਕ ਕੈਂਪ ਮੌਕੇ ਜਿਲ੍ਹਾ ਅਤੇ ਸ਼ੈਸਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਸ੍ਰੀਮਤੀ ਪ੍ਰਿਆ ਸੂਦ, ਚੇਅਰਮੈਨ ਸਥਾਈ ਲੋਕ ਅਦਾਲਤ (ਜਨ-ਉਪਯੋਗੀ ਸੇਵਾਵਾਂ) ਸ਼੍ਰੀ ਅਸ਼ੋਕ ਕਪੂਰ, ਵਧੀਕ ਜ਼ਿਲ੍ਹਾ ਤੇ ਸ਼ੈਸਨ ਜੱਜ-1 ਕਰੁਨੇਸ਼ ਕੁਮਾਰ , ਜ਼ਿਲ੍ਹਾ ਜੱਜ ( ਫੈਮਿਲੀ ਕੋਰ) ਹਰੀਸ਼ ਆਨੰਦ, ਸੀ.ਜੇ.ਐਮ-ਕਮ-ਸਕੱਤਰ ਜ਼ਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ ਸ.ਕਮਲਦੀਪ ਸਿੰਘ ਧਾਲੀਵਾਲ, ਸਿਵਲ ਜੱਜ ( ਸੀਨੀਅਰ ਡੀਵੀਜ਼ਨ) ਮੈਡਮ ਪਰਮਿੰਦਰ ਕੌਰ, ਚੀਫ ਜੂਡੀਸ਼ੀਅਲ ਮੈਜਿਸਟ੍ਰੇਟ ਅਪਰਾਜਿਤਾ ਜੋਸ਼ੀ, ਸਿਵਲ ਜੱਜ (ਜੂਨੀਅਰ ਡੀਵੀਜਨ) ਮੋਨਿਕਾ ਚੌਹਾਨ, ਸਿਵਲ ਜੱਜ (ਜੂਨੀਅਰ ਡੀਵੀਜਨ) ਤੁਸ਼ਾਰ ਕੌਰ ਥਿੰਦ ਵਧੀਕ ਸਿਵਲ ਜੱਜ (ਸੀਨੀਅਰ ਡੀਵੀਜਨ) ਕੋਂਪਲ ਧੰਜਲ, ਸਿਵਲ ਜੱਜ (ਜੂਨੀਅਰ ਡੀਵੀਜਨ) ਸਿਮਰਨ ਚਲਾਨਾ , ਬਾਰ ਐਡਵੋਕੇਟਜ਼, ਚੇਅਰਮੈਨ ਚਾਈਲਡ ਵੈਲਫੇਅਰ ਕਮੇਟੀ ਮੈਡਮ ਸੋਨੀਆ ਅਤੇ ਜ਼ਿਲ੍ਹਾ ਆਯੁਰਵੈਦਿਕ ਅਤੇ ਯੂਨਾਨੀ ਅਫਸਰ ਮੈਡਮ ਸਰਬਜੀਤ ਕੌਰ ਅਤੇ ਉਹਨ੍ਹਾਂ ਦੀ ਡਾਕਟਰੀ ਟੀਮ ਹਾਜ਼ਰ ਸੀ । ਇਸ ਕੈਂਪ ਦੌਰਾਨ ਜ਼ਿਲ੍ਹਾ ਆਯੁਰਵੈਦਿਕ ਅਤੇ ਯੂਨਾਨੀ ਦਫ਼ਤਰ ਦੀ ਡਾਕਟਰੀ ਟੀਮ ਵੱਲੋ ਇਸ ਕੈਂਪ ਵਿੱਚ ਆਏ ਮਰੀਜ਼ਾਂ ਦੀਆਂ ਸਾਰੀਆ ਬਿਮਾਰੀਆ ਦਾ ਮੁਫਤ ਚੈਂਕ ਅੱਪ ਕੀਤਾ ਗਿਆ ਅਤੇ ਚੈਂਕਅੱਪ ਦੌਰਾਨ 155 ਦੇ ਕਰੀਬ ਮਰੀਜ਼ਾਂ ਦੀ ਜਾਂਚ ਕਰਕੇ ਮੁਫਤ ਆਯੁਰਵੈਦਿਕ ਦਵਾਈਆ ਦਿੱਤੀਆ ਗਈਆ।




# ਸਿਵਲ ਸਰਜਨ ਦੀਆਂ ਹਦਾਇਤਾਂ ’ਤੇ ਸੀਐਚਸੀ ਮਾਨੂੰਪੁਰ ਅਧੀਨ ਸਿਹਤ ਸੰਸਥਾਵਾਂ ’ਚ ਬੂਟੇ ਲਗਾਏ

ਖੰਨਾ, (ਸੁਖਚੈਨ ਮਹਿਰਾ, ਵਰਿੰਦਰ ਪ੍ਰਕਾਸ਼ ਭਾਂਬਰੀ) – ਸਿਵਲ ਸਰਜਨ ਲੁਧਿਆਣਾ ਡਾ. ਜਸਵੀਰ ਸਿੰਘ ਔਲਖ ਵੱਲੋਂ ਵਾਤਾਵਰਣ ਨੂੰ ਹਰਾ ਭਰਾ ਬਣਾਉਣ ਲਈ ਸਿਹਤ ਸੰਸਥਾਵਾਂ ’ਚ ਬੂਟੇ ਲਗਾਉਣ ਸਬੰਧੀ ਮੁਹਿੰਮ ਚਲਾਈ ਜਾ ਰਹੀ ਹੈ। ਇਸੇ ਲੜੀ ਤਹਿਤ ਸੀਐਚਸੀ ਮਾਨੂੰਪੁਰ ਅਧੀਨ ਪੈਂਦੀਆਂ ਸਿਹਤ ਸੰਸਥਾਵਾਂ ’ਚ ਫੱਲਦਾਰ ਅਤੇ ਛਾਂਦਾਰ ਬੂਟੇ ਲਗਾਏ ਗਏ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਾ. ਰਵੀ ਦੱਤ ਨੇ ਕਿਹਾ ਕਿ ਵਾਤਾਵਰਣ ਦੀ ਸਾਂਭ ਸੰਭਾਲ ਲਈ ਹਰੇਕ ਨਾਗਰਿਕ ਨੂੰ ਬੂਟੇ ਲਗਾਉਣ ਲਈ ਯਤਨਸ਼ੀਲ ਰਹਿਣਾ ਚਾਹੀਦਾ ਹੈ ਅਤੇ ਇਹਨਾਂ ਬੂਟਿਆਂ ਦੀ ਸਹੀ ਸਾਂਭ ਸੰਭਾਲ ਵੀ ਜ਼ਰੂਰੀ ਹੈ। ਉਹਨਾਂ ਕਿਹਾ ਕਿ ਵਾਤਾਵਰਣ ਸਾਡੀ ਸਿਹਤ ਨੂੰ ਪ੍ਰਭਾਵਿਤ ਕਰਦਾ ਹੈ, ਚੰਗੀ ਸਿਹਤ ਲਈ ਚੰਗਾ ਵਾਤਾਵਰਣ ਜ਼ਰੂਰੀ ਹੈ। ਇਸੇ ਲੜੀ ਤਹਿਤ ਸਿਹਤ ਕਰਮਚਾਰੀਆਂ ਵੱਲੋ ਆਪਣੀ ਨੈਤਿਕ ਜਿੰਮੇਵਾਰੀ ਨਿਭਾਉਂਦਿਆਂ ਸੀਐਚਸੀ ਮਾਨੂੰਪੁਰ ਅਧੀਨ ਪੈਂਦੇ ਸਾਰੇ ਮੁੱਢਲੇ ਸਿਹਤ ਕੇਂਦਰਾਂ, ਸਿਹਤ ਤੇ ਤੰਦਰੁਸਤੀ ਕੇਂਦਰਾਂ ’ਤੇ 1000 ਬੂਟੇ ਲਗਾਏ ਗਏ।

# ਸ਼ਹੀਦ ਬਾਬਾ ਭੁਜੰਗ ਸਿੰਘ ਜੀ ਚੈਰੀਟੇਬਲ ਟਰਸਟ ਨਾਂਦੇੜ ਵਲੋਂ ਪੰਜ ਤਖ਼ਤ ਸਾਹਿਬਾਨ ਦੀ ਯਾਤਰਾ ਬੁਕਿੰਗ ਦਫਤਰ ਦਾ ਕੀਤਾ ਉਦਘਾਟਨ

ਅੰਮ੍ਰਿਤਸਰ (ਲੋਕ ਬਾਣੀ) )ਸ਼ਹੀਦ ਬਾਬਾ ਭਜੰਗ ਸਿੰਘ ਜੀ ਚੈਰੀਟੇਬਲ ਟਰਸਟ ਸ੍ਰੀ ਹਜ਼ੂਰ ਸਾਹਿਬ ਨਾਦੇੜ ਵਲੋਂ ਪੰਜ ਤਖ਼ਤ ਸਾਹਿਬਾਨ ਦੀ ਸਪੈਸ਼ਲ ਰੇਲ ਯਾਤਰਾ ਦਾ ਪ੍ਰੋਗਰਾਮ ਉਲੀਕੀਆ ਗਿਆ ਹੈ। ਇਹ ਯਾਤਰਾ ਮਿਤੀ 25 ਅਗਸਤ 2024 ਤੋਂ 6 ਸਤੰਬਰ 2024 ਚਲੇਗੀ ਇਸ ਰੇਲ ਗੱਡੀ ਵਿਚ ਯਾਤਰਾ ਕਰਨ ਵਾਲੇ ਸ਼ਰਧਾਲੂਆਂ ਲਈ ਟਿਕਟ ਬੁਕਿੰਗ ਦਫਤਰ ਦਾ ਉਦਘਾਟਨ ਮਾਨਯੋਗ ਜਥੇਦਾਰ ਸਿੰਘ ਸਾਹਿਬ ਸੰਤ ਬਾਬਾ ਕੁਲਵੰਤ ਸਿੰਘ ਜੀ ਇਨ੍ਹਾਂ ਦੇ ਕਰ ਕਮਲਾ ਭਾਗ ਅਤੇ ਸਮੂੰਹ ਪੰਜ ਪਿਆਰੇ ਸਾਹਿਬਾਂਨ ਦੀ ਸਰਪਰਸਤੀ ਹੇਠ ਅਰਦਾਸ ਕਰਕੇ ਹੋਇਆ ਇਸ ਮੌਕੇ ਮਾਨਯੋਗ ਮੀਤ ਜੱਥੇਦਾਰ ਸਿੰਘ ਸਾਹਿਬ ਭਾਈ ਜਤਿੰਦਰ ਸਿੰਘ ਜੀ ਮੀਤ ਗ੍ਰੰਥੀ ਸਿੰਘ ਸਾਹਿਬ ਭਾਈ ਗੁਰਮੀਤ ਸਿੰਘ ਜੀ ਅਤੇ ਸਹਾਇਕ ਜੱਥੇਦਾਰ ਅਤੇ ਭਾਈ ਰਾਮ ਸਿੰਘ ਜੀ ਧੂਪੀਆ, ਕਾਰ ਸੇਵਾ ਲੰਗਰ ਸਾਹਿਬ ਦੇ ਮਹਾਪੁਰਸ਼ ਬਾਬਾ ਬਲਵਿੰਦਰ ਸਿੰਘ ਜੀ ਭਾਈ ਪਰਮਵੀਰ ਸਿੰਘ ਜੀ ਰਹਿਰਾਸੀਆ, ਸ੍.ਖੇਮ ਸਿੰਘ ਪੁਜਾਰੀ ਕਥਾਕਾਰ ਤਨਵੀਰ ਸਿੰਘ ਸਾਹੁ ਕੁਲਪ੍ਰਕਾਸ਼ ਸਿੰਘ ਚੀਰਾਗੀਆ ਹਾਜ਼ਰ ਸਨ ਇਸ ਸਮੇਂ ਰਵਿੰਦਰ ਸਿੰਘ ਜੀ ਬੁੰਗਈ ਪ੍ਰਧਾਨ ਚੇਰੀਟੇਬਲ ਟਰੱਸਟ ਵਲੋ ਉਦਘਾਟਨ ਸਮੇਂ ਪਹੁੰਚੇ ਸਿੰਘ ਸਾਹਿਬ ਜਥੇਦਾਰ ਬਾਬਾ ਕੁਲਵੰਤ ਸਿੰਘ ਜੀ ਅਤੇ ਸਮੂਹ ਮਹਾਪੁਰਸਾ ਨੂੰ ਸਨਮਾਨਤ ਕਰਦੇ ਹੋਏ ਯਾਤਰਾ ਨੂੰ ਸਫਲ ਬਨਾਉਣ ਵਾਸਤੇ ਸਹਿਯੋਗ ਦੀ ਆਸ ਵਿਅਕਤ ਕੀਤੀ। ਇਸ ਮੌਕੇ ਮਹਿੰਦਰ ਸਿੰਘ ਸਾਹ ਨੇ ਯਾਤਰਾ ਲਈ ਭੇਟ ਸੂਰਪ 11 ਹਜਾਰ ਰੁਪਏ ਦਿੱਤੇ ਅਤੇ ਦਫਤਰ ਦੇ ਉਦਘਾਟਨ ਦੇ ਨਾਲ ਹੀ 200 ਸ਼ਰਧਾਲੂਆਂ ਨੇ ਯਾਤਰਾ ਲਈ ਅਪਣੇ ਟੀਕਟ ਰਾਖਵੇ ਕਰਵਾ ਲਏ ਹਨ ਇਸ ਮੌਕੇ ਸ੍ ਲੱਡੂ ਸਿੰਘ ਮਹਾਜਨ ਸਾਬਕਾ ਪ੍ਰਧਾਨ ਸ੍ ਸੁਰਿੰਦਰ ਸਿੰਘ-ਸਾਬਕਾ ਸੱਕਤਰ ਅਤੇ ਮੈਂਬਰ ਸ੍ ਪਰਮਜੋਤ ਸਿੰਘ ਚਾਹੇਲ ਸ੍ ਗੁਰਚਰਨ ਸਿੰਘ ਘੜੀਸਾਜ ਸ੍ ਨੌਨਿਹਾਲ ਸਿੰਘ ਜਾਗੀਰਦਾਰ ਸ੍ ਵਿਜੇਂਦਰ ਸਿੰਘ ਰਾੜੀਵਾਲੇ, ਸੁਜਗਜੀਤ ਸਿੰਘ ਚਿਰਾਗੀਆ ਸਾਬਕਾ ਡਿਪਟੀ ਕਮਿਸ਼ਨਰ, ਸ੍ ਰਵਿੰਦਰ ਸਿੰਘ ਮੋਦੀ, ਸ੍ ਅਵਤਾਰ ਸਿੰਘ ਪਹਰੇਦਾਰ ਸ੍ ਮਨਬੀਰ ਸਿੰਘ ਗ੍ਰੰਥੀ ਦੇਵਿੰਦਰ ਸਿੰਘ ਮੌਟਰਵਾਲੇ ਸ੍ਰੀ ਨਾਰਾਇਨ ਸਿੰਘ ਤਬੇਲੇ ਵਾਲੇ ਸ੍ ਦੇਵਿੰਦਰ ਸਿੰਘ ਵਿਸ਼ਨਪੁਰੀਕਰ, ਸ੍ ਬਲਬੀਰ ਸਿੰਘ ਚਿਰਾਗੀਆ. ਸ੍:ਦਲੀਪ ਸਿੰਘ ਰਾਗੀ ਸ੍:ਜੀਤ ਸਿੰਘ ਦੁਕਾਨਦਾਰ ਗੁਰਦੁਆਰਾ ਬੋਰਡ ਦੇ ਸੁਪਰਡੈਂਟ ਰਾਜਦੇਵਿੰਦਰ ਸਿੰਘ, ਸ੍ ਸਰਨ ਸਿੰਘ ਸੋਢੀ ਐਸ ਏ.ਐਸ ਨਾਨ ਸਿੰਘ ਬੁੰਗਈ ਸਹਾ ਸੁਪਰਡੈਂਟ ਸ੍ ਰਵਿੰਦਰ ਸਿੰਘ ਕਪੂਰ- ਸਹਾ ਸੁਪਰਡੈਂਟ ਸ੍ ਪ੍ਰਦੀਪ ਸਿੰਘ ਮਾਨ ਅਤੇ ਪਤਵੰਤੇ ਸੱਜਣ ਹਾਜਰ ਸਨ।




# ਵੋਟਰ ਜਾਗਰੂਕਤਾ ਮੁਹਿੰਮ ਵਿੱਚ ਜ਼ਿਲ੍ਹਾ ਮੁਹਾਲੀ ਦੀ ਸਰਦਾਰੀ, ਸਵੀਪ ਗਤੀਵਿਧੀਆਂ ਵਿੱਚ ਪਹਿਲਾ ਸਥਾਨ




ਮੋਹਾਲੀ , (ਲੋਕ ਬਾਣੀ) ਲੋਕ ਸਭਾ ਚੋਣਾਂ-2024 ਦੌਰਾਨ ਪੰਜਾਬ ਦੇ ਸਮੂਹ ਜ਼ਿਲ੍ਹਿਆਂ ਵਿਚੋਂ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨੇ ਵੋਟਰ ਜਾਗਰੂਕਤਾ ਮੁਹਿੰਮ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਹੈ। ਪੰਜਾਬ ਦੇ ਮੁੱਖ ਚੋਣ ਅਫਸਰ ਸੀ ਸਿਬਨ ਵੱਲੋਂ ਲੋਕ ਸਭਾ ਚੋਣਾਂ ਦੇ ਆਖਿਰੀ ਪੰਦਰਵਾੜੇ ਦੀ ਸਮਿਖਿਆ ਕਰਨ ਉਪਰੰਤ ਹਾਲ ਹੀ ਵਿੱਚ ਜਾਰੀ ਨਤੀਜੇ ਮੁਤਾਬਕ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨੇ ਵੋਟਰ ਜਾਗਰੂਕਤਾ, ਸੋਸ਼ਲ ਮੀਡੀਆ ਅਤੇ ਘਰ-ਘਰ ਵੋਟ ਪਾਉਣ ਦਾ ਸੁਨੇਹਾ ਦੇਣ ਵਿੱਚ ਵੱਡੀ ਮੁਹਿੰਮ ਚਲਾਈ, ਜਿਸ ਕਾਰਨ ਜ਼ਿਲ੍ਹੇ ਨੂੰ ਇਨ੍ਹਾਂ ਗਤੀਵਿਧੀਆਂ ਵਿੱਚ ਪਹਿਲਾ ਸਥਾਨ ਪ੍ਰਾਪਤ ਹੋਇਆ ਹੈ।

ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਵੱਲੋਂ ਸਵੀਪ ਟੀਮ ਦੇ ਕੋਰ ਕਮੇਟੀ ਮੈਬਰ ਦਮਨਜੀਤ ਸਿੰਘ ਮਾਨ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ), ਜ਼ਿਲ੍ਹਾ ਨੋਡਲ ਅਫਸਰ ਸਵੀਪ ਪ੍ਰੋ ਗੁਰਬਖਸ਼ੀਸ਼ ਸਿੰਘ ਅਨਟਾਲ, ਜ਼ਿਲ੍ਹਾ ਗੁਡ ਗਵਰਨੈਂਸ ਫੈਲੋ ਵਿਜੈ ਲਕਸ਼ਮੀ, ਚੋਣ ਤਹਿਸੀਲਦਾਰ ਸੰਜੇ ਕੁਮਾਰ ਦੀ ਸ਼ਲਾਘਾ ਕਰਦੇ ਹੋਏ ਸਮੂਹ ਟੀਮ ਨੂੰ ਵਧਾਈ ਦਿੱਤੀ ਗਈ ਅਤੇ ਅੱਗੇ ਤੋਂ ਵੀ ਜ਼ਿਲ੍ਹੇ ਵਿਚ ਜਨ-ਜਾਗਰੂਕਤਾ ਲਈ ਵੱਧ ਚੜ੍ਹ ਕੇ ਕੰਮ ਕਰਨ ਲਈ ਪ੍ਰੇਰਿਤ ਕੀਤਾ।

ਵਧੀਕ ਡਿਪਟੀ ਕਮਿਸ਼ਨਰ-ਕਮ-ਵਧੀਕ ਚੋਣ ਅਫਸਰ ਵਿਰਾਜ ਸ਼ਿਆਮ ਤਿੜਕੇ ਨੇ ਦੱਸਿਆ ਕਿ 2022-23 ਲਈ ਰਾਸ਼ਟਰੀ ਵੋਟਰ ਦਿਵਸ ਮੌਕੇ ਜ਼ਿਲ੍ਹਾ ਨੋਡਲ ਅਫਸਰ ਸਵੀਪ ਪ੍ਰੋ ਗੁਰਬਖਸ਼ੀਸ਼ ਸਿੰਘ ਅਨਟਾਲ ਜੋ ਕਿ ਸਰਕਾਰੀ ਬਹੁਤਕਨੀਕੀ ਕਾਲਜ ਖੂਨੀਮਾਜਰਾ ਵਿਖੇ ਅਫਸਰ ਇੰਚਾਰਜ ਸਿਵਲ ਇੰਜੀਨੀਅਰਿੰਗ ਹਨ, ਨੂੰ ਪੰਜਾਬ ਦੇ ਸਰਬੋਤਮ ਨੋਡਲ ਅਫ਼ਸਰ ਵਜੋਂ ਸਨਮਾਨਿਤ ਕੀਤਾ ਗਿਆ ਸੀ।

# ਮਹਿੰਗੇ ਭਾਅ ਦੀ ਸਬਜ਼ੀ ਖ੍ਰੀਦਣ ਲਈ ਮਜਬੂਰ ਲੋਕ, ਧੱੜਲੇ ਨਾਲ ਹੋ ਰਹੀ ਹੈ ਮਾਰਕੀਟ ਫੀਸ ਦੀ ਚੋਰੀ, ਸਬਜ਼ੀ ਦੀ ਆਮਦ ਲੱਖਾਂ ਵਿੱਚ ਫੀਸ ਨਾ ਮਾਤਰ

ਸ੍ਰੀ ਮਾਛੀਵਾੜਾ ਸਾਹਿਬ (ਲੋਕ ਬਾਣੀ) ਬਲਾਕ ਮਾਛੀਵਾੜਾ ਦੇ 120 ਦੇ ਕਰੀਬ ਪਿੰਡ ਦੇ ਲੋਕ ਅੱਜ ਕਲ ਮਹਿੰਗੇ ਭਾਅ ਤੇ ਸਬਜ਼ੀ ਖ਼ਰੀਦਣ ਲੀਏ ਮਜਬੂਰ ਹਨ। ਅੱਜ ਜਦੋਂ ਸਬਜ਼ੀ ਮੰਡੀ ਵਿੱਚ ਜਾਂ ਕੇ ਪੱਤਰਕਾਰ ਨੇ ਦੌਰਾ ਵੀ ਕੀਤਾ ਤਾਂ ਦੇਖਣ ਵਿੱਚ ਆਇਆ ਕਿ ਅੱਜਕਲ੍ਹ ਸਬਜ਼ੀਆਂ ਦੇ ਰੇਟ ਅਸਮਾਨੀ ਛੂਹ ਰਹੇ ਹਨ ਜਦ ਕਿ ਜਦੋਂ ਸਬਜੀਆ ਤੇ ਲੱਗਣ ਵਾਲ਼ੀ ਸਰਕਾਰੀ ਫੀਸ ਬਾਰੇ ਮਾਰਕੀਟ ਕਮੇਟੀ ਦੇ ਦਫ਼ਤਰ ਵਿੱਚ ਗੱਲ ਕੀਤੀ ਤਾਂ ਉਹ ਨਾ- ਮਾਤਰ ਜਿਹੀ ਫੀਸ ਭਰ ਕੇ ਸਰਕਾਰੀ ਅਧਿਕਾਰੀਆ ਨੂੰ ਟਾਈਮ ਟਪਾਉਣ ਦੀ ਗੱਲ ਕਰਦੇ ਹਨ ਤੇ ਬਾਕੀ ਆਪਣੀ ਜੇਬ ਭਰ ਲੈਂਦੇ ਹਨ ਉਥੋਂ ਦੇ ਮਾਰਕੀਟ ਕਮੇਟੀ ਦੇ ਇੰਚਾਰਜ ਧਰਮਿੰਦਰ ਕੁਮਾਰ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਦੱਸਿਆ ਕੇ ਫੀਸ ਪਿਛਲੇ ਸਾਲਾਂ ਦੇ ਰਿਕਾਰਡ ਮੁਤਾਬਿਕ ਪੂਰੀ ਹੈ। ਹਾਲਾਕੇ ਮੁੱਖ ਇੰਚਾਰਜ ਉਨ੍ਹਾਂ ਦੇ ਦੱਸਣ ਮੁਤਾਬਿਕ ਨਿੰਦਰ ਸਿੰਘ ਹੈ ਜੋ ਕੇ ਛੁੱਟੀ ਤੇ ਚੱਲ ਰਹੇ ਹਨ ਉਨ੍ਹਾਂ ਦੇ ਆਉਣ ਤੇ ਬਾਕੀ ਡਿਟੇਲ ਦੱਸ ਦਿੱਤੀ ਜਾਵੇਗੀ। ਜੇਕਰ ਗੱਲ ਕੀਤੀ ਜਾਵੇ ਤਾਂ ਮਾਛੀਵਾੜਾ ਸਾਹਿਬ ਵਿੱਚ ਹਰੇਕ ਮਾਰਗ ਤੇ ਹਰੇਕ ਚੌਂਕ ਤੋਂ ਇਲਾਵਾ ਰੇਹੜੀਆ ਨੂੰ ਮਿਲਾ ਕੇ 100 ਤੋ ਵਧ ਦੁਕਾਨਾਂ ਤੇ ਬਾਕੀ ਅਣ ਗਿਣਤ ਤੁਰਦੀ ਫਿਰਦੀਆਂ ਰੇਹੜੀਆਂ ਵੀ ਹਨ। ਇਕ ਰੇਹੜੀ ਚਲਾਉਣ ਵਾਲਾ ਆਪਣੀ ਰੇਹੜੀ ਤੇ ਕਰੀਬ 5 ਤੋ 10ਹਾਜ਼ਰ ਰੁਪਏ ਦੀ ਸਬਜ਼ੀ ਵੇਚਣ ਲਈ ਲੈ ਕੇ ਆਉਂਦਾ ਹੈ ਤੇ ਜੇ ਦੁਕਾਨਦਾਰਾ ਦੀ ਗੱਲ ਕਰੀਏ ਤਾ ਹਰ ਦੁਕਾਨਦਾਰ 10 ਹਾਜ਼ਰ ਤੋ 25 ਹਾਜ਼ਰ ਤਕ ਦੀ ਸਬਜੀ ਵੇਚਣ ਲਈ ਆਂਉਦੀ ਹੈ ਪਰ ਇੱਕ ਅਸਾਨ ਢੰਗ ਨਾਲ ਗੱਲ ਕੀਤੀ ਜਾਵੇ ਤਾ ਲੱਖਾ ਰੁਪਏ ਦੀ ਸਬਜ਼ੀ ਮੰਡੀ ਚ ਆਂਉਦੀ ਹਾ ਤੇ ਮਾਰਕੀਟ ਫੀਸ ਸਿਰਫ 3 ਕੁ ਚਾਰ ਹਜ਼ਾਰ ਰੁਪਏ ਹਫ਼ਤੇ ਦੀ ਜਦ ਕੇ 20 ਹਾਜ਼ਰ ਰੁਪਏ ਪਰ ਮਹੀਨਾ ਹੀ ਆਉਂਦੀ ਹੈ। ਬਾਕੀ ਦੀ ਮਾਰਕੀਟ ਫੀਸ ਪਤਾ ਨਹੀਂ ਲਗਦਾ ਕੇ ਬਿ ਦਸਨਾ ਰਸੀਦ ਹੀ ਨਿਕਲ ਜਾਂਦੀ ਹੈ। ਜਾ ਫਿਰ ਫੀਸ ਦੀ ਚੋਰੀ ਕੀਤੀ ਜਾਂਦੀ ਹੈ। ਰੇਹੜੀ ਫੜੀ ਵਾਲੇ ਦੁਕਾਨਦਾਰਾ ਨਾਲੋ ਕੁਛ ਸਬਜ਼ੀ ਸਸਤੀ ਵੇਚ ਦਿੰਦੇ ਹਨ ਤੇ ਦੁਕਾਨ ਵਾਲੇ ਇਹੀ ਸਬਜ਼ੀ ਆਮ ਲੋਕਾ ਨੂੰ ਮਹਿੰਗੇ ਭਾਅ ਤੇ ਵੇਚਦੇ ਹਨ।

# ਪੈਨਸ਼ਨਰਜ ਐਸੋਸੀਏਸ਼ਨ ਪਾਵਰਕਾਮ ਮੰਡਲ ਧੂਰੀ ਦੀ ਮਹੀਨਾਵਾਰ ਮੀਟਿੰਗ

ਧੂਰੀ (ਲੋਕ ਬਾਣੀ) ਪੈਨਸ਼ਨਰਜ ਐਸੋਸੀਏਸ਼ਨ ਪਾਵਰਕਾਮ ਮੰਡਲ ਧੂਰੀ ਦੀ ਮਹੀਨਾਵਾਰ ਮੀਟਿੰਗ ਸੁਖਦੇਵ ਸਿੰਘ ਮੰਡਲ ਪ੍ਰਧਾਨ ਦੀ ਅਗਵਾਈ ਵਿੱਚ ਹੋਈ।ਮੀਟਿੰਗ ਵਿੱਚ ਵਖੋ ਵਖ ਬੁਲਾਰਿਆ ਜਸਪਾਲ ਸਿੰਘ ਖੁਰਮੀ ,ਜੋਗਿੰਦਰ ਸਿੰਘ ਹਰਚੰਦਪੁਰੀ,ਸੰਤੋਖ ਸਿੰਘ, ਹਰਦੇਵ ਸਿੰਘ, ਬਲਵੰਤ ਸਿੰਘ ਤੇ ਮੁਖਤਿਆਰ ਸਿੰਘ ਸੇਰਪੁਰ, ਸਰਕਲ ਆਗੂ,ਨੇ ਸੰਬੋਧਨ ਕਰਦਿਆ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੈਨਸ਼ਨਰਾਂ ਤੇ ਮੁਲਾਜ਼ਮਾਂ ਦੀਆ ਮੰਗਾਂ ਪੰਜਾਬ ਸਰਕਾਰ ਵਲੋਂ 25ਜੁਲਾਈ ਦੀ ਦਿੱਤੀ ਗਈ ਮੀਟਿੰਗ ਵਿੱਚ ਪੂਰੀਆਂ ਕੀਤੀਆ ਜਾਣ ਜਿਵੇਂ ਪੁਰਾਣੀ ਪੈਨਸ਼ਨ ਲਾਗੂ ਕਰਨਾ,31/12/2015 ਤੋਂ ਪਹਿਲਾਂ ਵਾਲੇ ਪੈਨਸ਼ਨਰਾਂ ਨੂੰ 2.59ਦਾ ਫੈਕਟਰ ਦੇਣਾ,ਡੀ ਏ ਦੀਆ ਕਿਸਤਾਂ ਤੇ ਏਰੀਅਰ ਦੇਣਾ,ਪੇ ਸਕੇਲ ਦਾ ਸਾਢੇ ਪੰਜ ਸਾਲ ਦਾ ਏਰੀਅਰ ਯਕਮੁਸ਼ਤ ਦੇਣਾ,15/01/2015 ਦਾ ਪਤਰ ਰਦ ਕਰਨਾ,17/7/2020 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ ਨੂੰ ਕੇਂਦਰ ਦੇ ਪੇ ਕਮਿਸ਼ਨ ਦੀ ਥਾਂ ਪੰਜਾਬ ਦੇ ਪੇ ਸਕੇਲ ਲਾਗੂ ਕਰਨਾ,ਮਾਣਯੋਗ ਪੰਜਾਬ ਤੇ ਹਰਿਆਣਾ




ਕੋਰਟ ਦਾ ਕੰਪਿਊਟ ਦੀ ਕਟੌਤੀਸਬੰਧੀ ਜੋ ਸਟੇਅ 10 ਸਾਲ 08 ਮਹੀਨੇ ਪੂਰੀ ਹੋ ਗਈ ਹੈ ਉਹ ਜੋ ਪੈਨਸ਼ਨਰ ਉਪੋ੍ਰਕਤ ਸਮਾਂ ਪੂਰਾ ਕਰ ਲਿਆ ਹੈ ਸਾਰਿਆ ਤੇ ਲਾਗੂ ਕਰਨਾ ਆਦਿ ਪੂਰੀਆਂ ਕੀਤੀਆ ਜਾਣ। ਵਿਸੇਸ ਤੌਰ ਤੇ ਪਹੁੰਚੇ ਪਵਨ ਪੁਰੀ ਐਡਵੋਕੇਟ ਜਿਲਾ ਕੋਰਟ ਪਟਿਆਲਾ ਨੇ ਕੋਰਟ ਕੇਸਾਂ ਵਾਰੇ। ਵਿਸਥਾਰ ਪੂਰਬਕ ਚਾਨਣਾ ਪਾਇਆ।

# ਮੁਹੱਲਾ ਪ੍ਰੇਮ ਨਗਰ ਚ ਸਥਿਤ ਗੰਦਾ ਛੱਪੜ ਬਣ ਸਕਦਾ ਹੜ ਦਾ ਕਾਰਨ : ਮੁਹੱਲਾ ਸੁਧਾਰ ਕਮੇਟੀ

ਰਾਏਕੋਟ (ਲੋਕ ਬਾਣੀ) ) ਜ਼ਿਲ੍ਹਾ ਲੁਧਿਆਣਾ ਪ੍ਰਸ਼ਾਸਨ ਵੱਲੋਂ ਆਉਣ ਵਾਲੇ ਬਰਸਾਤੀ ਸੀਜ਼ਨ ਤੋਂ ਪਹਿਲਾਂ-ਪਹਿਲਾਂ ਸਾਰੀਆਂ ਡਰੇਨਾਂ, ਨਾਲਿਆਂ ਤੇ ਛੱਪੜਾਂ ਦੀ ਸਾਫ਼-ਸਫ਼ਾਈ ਦਾ ਕੰਮ ਮੁਕੰਮਲ ਕਰਵਾਉਣ ਦੇ ਦਾਅਵੇ ਕੀਤੇ ਜਾ ਰਹੇ ਹਨ, ਪਰ ਮੁਹੱਲਾ ਪ੍ਰੇਮ ਨਗਰ ਨਜਦੀਕ ਗੁੱਗਾ ਮਾੜੀ ਸਥਿਤ ਗੰਦੇ ਪਾਣੀ ਦੇ ਛੱਪੜ ਦੀ ਗੰਦੀ ਬਦਬੂ ਤੇ ਪੈਦਾ ਹੋਏ ਮੱਛਰਾਂ ਨੇ ਮੁਹੱਲਾ ਵਾਸੀਆਂ ਦਾ ਜੀਣਾ ਮੁਹਾਲ ਕੀਤਾ ਹੋਇਆ ਹੈ ਉੱਥੇ ਹੀ ਦਿਨੋਂ ਦਿਨ ਪਾਣੀ ਦਾ ਸਤਰ ਵਧਣ ਤੇ ਪਾਣੀ ਦਾ ਨਿਕਾਸ ਨਾ ਹੋਣ ਨਾਲ ਬਰਸਾਤੀ ਮੌਸਮ ਚ ਫਿਰ ਤੋਂ ਘਰਾਂ ਅੰਦਰ ਪਾਣੀ ਆਉਂਣ ਦੇ ਆਸਾਰ ਪੈਦਾ ਹੋ ਚੁੱਕੇ ਹਨ। ਇਸ ਸਬੰਧੀ ਮੁਹੱਲਾ ਸੁਧਾਰ ਕਮੇਟੀ ਦੇ ਪ੍ਰਧਾਨ ਨਾਮਪ੍ਰੀਤ ਸਿੰਘ ਤੇ ਮਾਸਟਰ ਬਿੰਦਰ ਨੇ ਦੱਸਿਆ ਕਿ ਸਾਲ 2018 ਦੇ ਦੌਰਾਨ ਇਸੇ ਤਰ੍ਹਾਂ ਪਾਣੀ ਵਧਣ ਨਾਲ ਪਾਸ ਰਹਿੰਦੇ ਮੁਹੱਲਾ ਵਾਸੀਆਂ ਦੇ ਘਰਾਂ ਅੰਦਰ ਪਾਣੀ ਚਲਾ ਗਿਆ ਸੀ ਜਿਸ ਨਾਲ ਬਹੁਤ ਘਰਾਂ ਦਾ ਨੁਕਸਾਨ ਹੋ ਗਿਆ ਸੀ ਤੇ ਲੋਕ ਘਰੋਂ ਬੇ-ਘਰ ਹੋ ਗਏ ਸਨ। ਉਨ੍ਹਾਂ ਕਿਹਾ ਕਿ ਇੱਕ ਵਾਰ ਪਹਿਲਾਂ ਮੈਂਬਰ ਪਾਰਲੀਮੈਂਟ ਡਾਕਟਰ ਅਮਰ ਸਿੰਘ ਤੇ ਕਾਮਿਲ ਅਮਰ ਸਿੰਘ ਵੱਲੋਂ ਇਸ ਛੱਪੜ ਦੀ ਸਫਾਈ ਕਰਵਾਈ ਗਈ ਸੀ। ਪਰ ਹੁਣ ਫਿਰ ਤੋਂ ਇਸ





ਅੰਦਲ ਉੱਗੀ ਜੰਗਲੀ ਬੂਟੀ ਤੇ ਵਧਦੇ ਪਾਣੀ ਦੇ ਮਿਆਰ ਕਾਰਨ ਮੁਹੱਲਾਂ ਵਾਸੀਆਂ ਚ ਪਹਿਲਾ ਵਾਂਗ ਹੜ੍ਹਾ ਦੇ ਡਰ ਦਾ ਮਾਹੌਲ ਵੇਖਿਆ ਜਾ ਰਿਹਾ ਹੈ। ਉਨ੍ਹਾ ਨਗਰ ਕੌਂਸਲ ਤੋਂ ਮੰਗ ਕੀਤੀ ਕਿ ਜਲਦੀ ਹੀ ਬਰਸਾਤੀ ਮੌਸਮ ਤੋਂ ਪਹਿਲਾਂ ਛੱਪੜ ਦੀ ਸਫਾਈ ਕਰਵਾਏ ਪਾਣੀ ਦਾ ਨਿਕਾਸ ਕੀਤਾ ਜਾਵੇ ਤਾਂ ਜੋ ਮੁਹੱਲੇ ਦੇ ਲੋਕਾਂ ਨੂੰ ਬਰਸਾਤ ਦੇ ਦਿਨਾਂ ਚ ਲੋਕਾਂ ਨੂੰ ਕੋਈ ਪ੍ਰੇਸ਼ਾਨੀ ਪੇਸ਼ ਨਾ ਆਵੇ।

ਇਸ ਸਬੰਧੀ ਜਦੋਂ ਨਗਰ ਕੌਂਸਲ ਦੇ ਕਾਰਜਸਾਧਕ ਅਫਸਰ ਚਰਨਜੀਤ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਜਲਦੀ ਹੀ ਇਸ ਸਮੱਸਿਆ ਦਾ ਹੱਲ ਕੀਤਾ ਜਾਵੇਗਾ।

# ਧੜਾ ਧੜ ਕੱਟੇ ਜਾ ਰਹੇ ਰੁੱਖ, ਘੱਟ ਰਿਹਾਂ ਪਾਣੀ ਦਾ ਪੱਧਰ ,ਤੇ ਦੂਸ਼ਿਤ ਵਾਤਾਵਰਣ, ਜਿਸ ਦਾ ਖਮਿਆਜਾ ਆਉਣ ਵਾਲੀ ਪੀੜੀ ਨੂੰ ਪੈ ਸਕੇਗਾ ਭੁਗਤਣਾ। ਜੈਕਰਨ ਸਿੰਘ ਮਾਨ

ਮਾਨਾ ਵਾਲਾ (ਲੋਕ ਬਾਣੀ) ਧੜਾ ਧੜ ਹੋ ਰਹੀ ਰੁੱਖਾ ਦੀ ਕਟਾਈ, ਦੂਸ਼ਿਤ ਹੋ ਰਿਹਾ ਪਾਣੀ ਅਤੇ ਜਹਿਰੀਲਾ ਵਾਤਾਵਰਨ ਤਿੰਨੇ ਆਉਣ ਵਾਲੇ ਸਮੇਂ ਚ ਭਿਆਨਕ ਤੱਥ ਉਭਰਕੇ ਸਾਹਮਣੇ ਆਉਣਗੇ ਜਿਸ ਦਾ ਖਾਮਿਆਜਾ ਆਉਣ ਵਾਲੀ ਪੀੜੀ ਨੂੰ ਭੁਗਤਣਾ ਪੈ ਸਕਦਾ ਹੈ ਜਿਨ੍ਹਾ ਸ਼ਬਦਾਂ ਦਾ ਪ੍ਰਗਟਾਵਾ ਭਾਰਤੀ ਜਨਤਾ ਪਾਰਟੀ ਦੇ ਸੁਹਿਰਦ ਮਾਨਾ ਵਾਲਾ ਕਲਾ ਦੇ ਨਿਧੜਕ ਸਪੋਟਰ ਜੈਕਰਨ ਸਿੰਘ ਮਾਨ ਹੋਰਾਂ ਵੱਲੋਂ ਆਉਣ ਵਾਲੀ ਪੀੜ੍ਹੀ ਨੂੰ ਜਾਗਰੁਕ ਕਰਨ ਲਈ ਸੱਦੀ ਗਈ ਇਕ ਮੀਟਿੰਗ ਦੌਰਾਨ ਕੀਤਾ ਉਹਨਾ ਕਿਹਾ ਕਿ ਵਾਤਾਵਰਣ ਦੀ ਸ਼ੁੱਧਤਾ ਅਤੇ ਸਾਂਭ ਸੰਭਾਲ ਮਨੁੱਖ ਦਾ ਮੁਢਲਾ ਹੀ ਨਹੀਂ ਬਲਕਿ ਨੈਤਿਕ ਫਰਜ਼ ਵੀ ਬਣਦਾ ਹੈ ਜਿਸਦੀ ਸਾਂਭ ਸੰਭਾਲ ਨਾਲ ਆਲਾ ਦੁਆਲਾ ਸਾਫ ਸੁਥਰਾ ਰਹਿੰਦਾ ਹੈ ਸਗੋਂ ਹਵਾ ਨੂੰ ਦੂਸ਼ਿਤ ਹੋਣ ਤੋਂ ਵੀ ਬਚਾਇਆ ਜਾ ਸਕਦਾ ਹੈ ਉਹਨਾ ਕਿਹਾ ਕਿ ਜਦੋ ਕਈ ਸਦੀਆਂ ਪਹਿਲਾ ਜੀਵਣ ਕਾਲ ਦੌਰਾਨ ਮਨੁੱਖ ਦਾ ਜਨਮ ਹੋਇਆ ਸੀ ਤਾਂ ਅੰਨ ਉਗਾਉਣ ਦੀ ਜ਼ਰੂਰਤ ਮਨੁੱਖ ਨੂੰ ਜਿਉਂਦੇ ਰਹਿਣ ਲਈ ਪਈ ਤਦ ਸ਼ੁਰੂਆਤੀ ਦੌਰ ਵਿਚ ਤਾਂ ਕੁਦਰਤੀ ਖਾਦ ਨਾਲ ਫਸਲਾ ਉਗਾਈਆ ਜਾਣ ਲੱਗੀਆ ਜਿਸ ਨੂੰ ਖਾਣ ਨਾਲ ਮਨੁੱਖ ਕਈ ਕਈ ਸਾਲ ਬਿਨਾਂ ਕਿਸੇ ਬਿਮਾਰੀ ਤੋਂ ਰਹਿਤ ਰਹਿੰਦਾ ਸੀ ਪ੍ਰੰਤੂ ਅੱਜ ਸਾਡੇ ਕਿਸਾਨ ਭਰਾ ਇੱਕ ਸਾਲ ਵਿੱਚ ਦੋ ਦੀ ਥਾਂ ਵਧੇਰੇ ਫਸਲਾਂ ਕੁਦਰਤੀ ਖਾਦ ਤੋ ਇਲਾਵਾ ਰਸਾਇਣਿਕ ਖਾਦਾਂ ਨਾਲ ਕਰਨ ਲੱਗ ਪਏ ਹਨ ਜਿਸ ਨਾਲ ਫ਼ਸਲ ਕੁੱਝ ਦਿਨਾਂ ਵਿਚ ਪੱਕ ਕੇ ਤਿਆਰ ਤਾਂ ਹੋ ਜਾਂਦੀ ਹੈ ਪਰ ਉਸ ਦਾ ਅਸਰ ਕਈ ਕਈ ਦਿਨ ਮਨੁੱਖ ਦੇ ਸਰੀਰ ਨੂੰ ਪ੍ਰਭਾਵਿਤ ਕਰਦਾ ਹੈ ਜਿਸ ਨਾਲ ਮਨੁੱਖ ਕਿਸੇ ਨਾ ਕਿਸੇ ਬਿਮਾਰੀ ਨਾਲ ਅੱਜ ਜੂਝ ਰਿਹਾ ਹੈ ਜਨਮ ਦਰ ਵੇਖੀਏ ਤਾਂ 70 ਫੀਸਦੀ ਘੱਟ ਗਈ ਹੈ ਪਹਿਲਾ ਡਾਕਟਰ ਪਿੰਡਾਂ ਵਿੱਚ ਖੁਦ ਮਰੀਜ਼ ਨੂੰ ਦੇਖਣ ਲਈ ਆਉਦਾ ਸੀ ਤਾਂ ਅੱਜ ਹਾਲਾਤ ਬਿਆਨ ਕਰ ਰਹੇ ਹਨ ਕਿ ਮਰੀਜ਼ ਲੰਬੀਆਂ ਲੰਬੀਆਂ ਕਤਾਰਾਂ ਵਿੱਚ ਹਸਪਤਾਲਾਂ, ਕੈਮਿਸਟਾਂ, ਵੈਦਾ ਕੋਲ਼ ਖੁਦ ਚੱਲਕੇ ਜਾ ਰਿਹਾ ਹੈ ਇੱਥੇ ਇਕੱਲਾ ਕਿਸਾਨ ਜ਼ਿੰਮੇਵਾਰ ਨਹੀ ਜੇਕਰ ਗੱਲ ਕਰੀਏ ਕਾਰਖਾਨਿਆਂ ਦੀ ਤਾਂ ਚਿਮਨੀਆ ਵਿੱਚੋਂ ਨਿਕਲਣ ਵਾਲਾ ਕਾਲਾ ਜਹਰੀਲਾ ਧੂਆਂ ਜਿਸ ਨਾਲ ਕਈ ਬਿਮਾਰੀਆਂ ਦਾ ਜਨਮ ਹੋਇਆ ਹੈ ਅੱਜ ਦੇ ਸਮੇਂ ਵਿੱਚ ਪੰਜਾਬ ਲਈ ਪਾਣੀ ਅਤੇ ਗਰਮੀ ਦੇ ਅਹਿਮ ਮੁੱਦੇ ਬਣੇ ਹੋਏ ਹਨ ਜੋ ਇੱਕ ਦੂਜੇ ਦੇ ਨਾਲ ਪੂਰਨ ਸਬੰਧ ਰੱਖਦੇ ਹਨ ਜੇਕਰ ਵੇਖਿਆ ਜਾਵੇ ਤਾਂ ਪਾਣੀ ਦੀ ਘਾਟ ਕਾਰਨ ਤਾਪਮਾਨ ਵਿੱਚ ਕਾਫੀ ਜਿਆਦਾ ਵਾਧਾ ਹੋਇਆ ਹੈ ਜਿਸ ਦੀ ਵਜਹਾ ਕਾਰਨ ਕਹਿਰ ਦੀ ਗਰਮੀ ਕਹਿ ਰਹੀ ਹੈ ਇਹਨਾਂ ਦੋਵਾਂ ਤਰਾਸ ਦੀਆਂ ਨੂੰ ਅਸੀਂ ਆਪਣੇ ਪਿੰਡੇ ਤੇ ਹੰਡਾ ਰਹੇ ਹਾਂ ਸੋਸ਼ਲ ਮੀਡੀਆ ਤੇ ਰੋਜਾਨਾ ਅਸੀਂ ਪਾਣੀ ਦੀ ਘਾਟ ਕਾਰਨ ਕਰਕੇ ਕੁਝ ਨਾ ਕੁਝ ਆਮ ਸੁਣਦੇ ਪੜਦੇ ਤੇ ਲਿਖਦੇ ਵਿਚਾਰਦੇ ਹੋਏ ਕੋਸਰਾਂ ਨੂੰ ਅੱਗੇ ਸ਼ੇਅਰ ਕਰਦੇ ਰਹਿੰਦੇ ਹਾਂ ਇੱਥੇ ਸਵਾਲ ਬਣਦਾ ਹੈ ਕਿ ਅਜਿਹੀ ਐਕਟੀਵਿਟੀ ਨਾਲ ਅਸੀਂ ਵਾਤਾਵਰਨ ਨੂੰ ਬਚਾ ਸਕਦੇ ਹਾਂ ਇਹਨਾਂ ਮੁੱਦਿਆਂ ਸਬੰਧੀ ਸਾਨੂੰ ਪਹਿਲਾਂ ਆਪ ਗੰਭੀਰ




ਹੋਣ ਆ ਪਵੇਗਾ ਇਹ ਵਾਤਾਵਰਨ ਨੂੰ ਬਚਾਉਣ ਲਈ ਹੁਕਮੇ ਫੈਸਲੇ ਲੈਣ ਤੇ ਸੁਖਾ ਉਪਰਾਲੇ ਕਰਨੇ ਹੋਣਗੇ ਗੱਲ ਤਾਂ ਇਹ ਸਪਸ਼ਟ ਹੈ ਕਿ ਇਹਨਾਂ ਮੁੱਦਿਆਂ ਪ੍ਰਤੀ ਅਸੀਂ ਖੁਦ ਤਾਂ ਗੰਭੀਰ ਨਹੀਂ ਹੁੰਦੇ ਅਤੇ ਸੋਸ਼ਲ ਮੀਡੀਆ ਦੇ ਵੀਡੀਓ ਵਾਇਰਲ ਕਰਕੇ ਅਸੀਂ ਦੂਜਿਆਂ ਤੋਂ ਆਸ ਜਰੂਰ ਰੱਖਦੇ ਹਾਂ ਇਥੇ ਸਲੂਟ ਬਣਦਾ ਹੈ ਉਹਨਾਂ ਵਾਤਾਵਰਨ ਪ੍ਰੇਮੀਆਂ ਨੂੰ ਜੋ ਜਾਨਾ ਆਪਣੇ ਕੀਮਤੀ ਸਮੇਂ ਵਿੱਚੋਂ ਸਮਾਂ ਕੱਢ ਕੇ ਇਨਸਾਨੀਅਤ ਅਤੇ ਵਾਤਾਵਰਣ ਨੂੰ ਬਚਾਉਣ ਵਾਲੀਆਂ ਪੋਸਟਾਂ ਨੂੰ ਫੇਰ ਕਰਦੇ ਹਨ ਤੇ ਕੁਦਰਤੀ ਸੋਮਿਆਂ ਨੂੰ ਸਾਂਭ ਸੰਭਾਲ ਲਈ ਕੁਝ ਨਾ ਕੁਝ ਉਪਰਾਲਿਆਂ ਰਾਹੀਂ ਆਪਣਾ ਯੋਗਦਾਨ ਪਾਉਂਦੇ ਹਨ ਤੇ ਦੂਜਿਆਂ ਨੂੰ ਪ੍ਰੇਰਤ ਕਰਨ ਦੀ ਆਸ ਵੀ ਰੱਖਦੇ ਹਨ ਪਾਣੀ ਨੂੰ ਬਚਾਉਣਾ ਅੱਜ ਦੇ ਸਮੇਂ ਦੀ ਬਹੁਤ ਵੱਡੀ ਗੱਲ ਹੈ ਕਿਉਂਕਿ ਪਾਣੀ ਮਨੁੱਖ ਦੇ ਜੀਵਨ ਜੀਣ ਲਈ ਬਹੁਤ ਵੱਡੀ ਮਹੱਤਤਾ ਰੱਖਦਾ ਹੈ ਜਿਸ ਤੇ ਬਿਨਾਂ ਆਉਣ ਵਾਲੀਆਂ ਪੀੜੀਆਂ ਲਈ ਜੀਵਨ ਦੀ ਆਸ ਰੱਖਣਾ ਸੰਭਵ ਨਹੀਂ ਹੈ ਮੁੱਦੇ ਤੋਂ ਹੜ ਕੇ ਇੱਕ ਵਾਰ ਸੋਚ ਕੇ ਦੇਖਣ ਕਿ ਪਾਣੀ ਬਿਨਾਂ ਸਾਡਾ ਜੀਵਨ ਕਿਸ ਤਰਹਾਂ ਦਾ ਹੋਏਗਾ ਸਾਡੀ ਉਹ ਆਤਮਾ ਇਸ ਮੁੱਦੇ ਤੇ ਸੋਚਣ ਲੱਗਿਆਂ ਇਕਦਮ ਝਿੜਕਾ ਜਰੂਰ ਦਵੇਗੀ ਆਓ ਸਾਰੇ ਮਿਲ ਕੇ ਵਾਤਾਵਰਨ ਨੂੰ ਸ਼ੁੱਧ ਬਣਾਈਏ ਅਤੇ ਵੱਧ ਤੋਂ ਵੱਧ ਰੁੱਖ ਲਗਾਉਣ ਦੀ ਮਿਆਦ ਨੂੰ ਅੱਗੇ ਵਧਾਈਏ।

DIPS INSTITUTIONS
CHAIN OF DIPS INSTITUTIONS
KNOWLEDGE IS POWER
DIPS ITM
DIPS INSTITUTE OF MANAGEMENT & TECHNOLOGY
RAMNEEK AVENUE, PATHANKOT BYE PASS
JALANDHAR CITY
www.dipsimt@gmail.com (dipsimt@gmail.com)
Contact: 95010-00697, 97806-00998

ਹਰ ਰੋਜ਼ ਲੱਗ ਰਹੇ ਹਨ ਵੀਜ਼ਾ ਹੀ ਵੀਜ਼ਾ
ਕੈਨੇਡਾ
ਕੈਨੇਡਾ/ਯੂ. ਕੇ./ ਆਸਟ੍ਰੇਲੀਆਂ ਟੂਰਿਸਟ ਵੀਜ਼ਾ
2155 ਵੀਜ਼ਾ
1 ਜਨਵਰੀ ਤੋਂ 30 ਮਾਰਚ ਤੱਕ ਲੱਗੇ
easyvisa | 8194828282